ISSN : 2395-1273


# ਸੰਵਾਦ

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

ਜੁਲਾਈ-ਦਸੰਬਰ 2024
20 ਵਾਂ ਅੰਕ



ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal


ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**

ਜੁਲਾਈ-ਦਸੰਬਰ 2024
ਅੰਕ-20ਵਾਂ

**ਵਿਸ਼ੇਸ਼ ਅੰਕ**

**ਬਿਰਤਾਂਤਾਂ ਦੀ ਜੰਗ**



**ਸਰਪ੍ਰਸਤ**

ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਮਹਿਲ ਸਿੰਘ

**ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ

ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org



**Patron & Chief Editor:**
***Dr. Mehal Singh***
**+91 85288-28200**

**Editor:**
***Dr. Atam Singh Randhawa***
**+91 98722-17273**



**ISSN : 2395-1273** | **July-December 2024**



**ਸਲਾਹਕਾਰ ਬੋਰਡ**

ਪ੍ਰੋ. (ਡਾ.) **ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪ੍ਰੋ. (ਡਾ.) **ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰੋ. (ਡਾ.) **ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪ੍ਰੋ. (ਡਾ.) **ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

ਪ੍ਰੋ. (ਡਾ.) **ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

ਪ੍ਰੋ. (ਡਾ.) **ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ||| ਜੁਲਾਈ-ਦਸੰਬਰ 2024**

## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**
**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129
ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈


ISSN : 2395-1273

ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ

# ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ

## ਚੁਣੌਤੀਆਂ ਤੇ ਸਮਾਧਾਨ



**ਡਾ. ਮਨਮੋਹਨ**

ਸਾਬਕਾ ਜਾਇੰਟ ਡਾਇਰੈਕਟਰ, ਗ੍ਰਹਿ ਮੰਤਰਾਲੇ , ਭਾਰਤ ਸਰਕਾਰ

✆ 82839-48811

ਪੰਜਾਬ ਦੇ ਸਰੋਕਾਰਾਂ ਬਾਰੇ ਵਿਸਤ੍ਰਿਤ ਰੂਪ 'ਚ ਗੱਲ ਕਰਨ ਤੋਂ ਪਹਿਲਾਂ ਪੰਜਾਬ ਬਾਰੇ ਪ੍ਰਮੁੱਖ ਤੱਥਾਂ ਅਤੇ ਵੇਰਵਿਆਂ ਨੂੰ ਜਾਨਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਦੇਸ਼ ਵੰਡ ਅਤੇ ਪੰਜਾਬੀ ਸੂਬੇ ਦੇ ਬਣਨ ਤੋਂ ਬਾਅਦ ਵਰਤਮਾਨ ਪੰਜਾਬ ਦਾ ਰਕਬਾ ਲਗਭਗ ਸਵਾ ਪੰਜਾਹ ਹਜ਼ਾਰ ਵਰਗ ਕਿ.ਮੀ. ਹੈ। ਪੇਂਡੂ ਇਲਾਕਾ ਲਗਭਗ ਅਠਤਾਲੀ ਹਜ਼ਾਰ ਵਰਗ ਕਿ.ਮੀ. ਅਤੇ ਸ਼ਹਿਰੀ ਇਲਾਕਾ ਕਰੀਬ ਕਰੀਬ ਦੋ ਹਜ਼ਾਰ ਵਰਗ ਕਿ.ਮੀ. ਹੈ। ਪੰਜਾਬ ਦੀ ਕੁੱਲ ਵੱਸੋਂ ਤਿੰਨ ਕਰੋੜ ਦੇ ਲਗਭਗ ਹੈ। ਕੁੱਲ ਵੱਸੋਂ ਦਾ ਤਰੇਹਠ ਪ੍ਰਤੀਸ਼ਤ ਦਿਹਾਤੀ ਅਤੇ ਸੈਂਤੀ ਪ੍ਰਤੀਸ਼ਤ ਸ਼ਹਿਰੀ ਹੈ।

ਪੰਜਾਬ ਇਕ ਤਰ੍ਹਾਂ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਪ੍ਰਦੇਸ਼ ਹੈ। ਕੁੱਲ ਘਰੇਲੂ ਉਤਪਾਦਨ ਦਾ 25 ਪ੍ਰਤੀਸ਼ਤ ਖੇਤੀ ਦੇ ਖੇਤਰ ਤੋਂ ਆਉਂਦਾ ਹੈ।  ਚਾਰ ਹਜ਼ਾਰ ਤੋਂ ਵੱਧ ਦੇ ਰਕਬੇ 'ਚ ਖੇਤੀ ਹੁੰਦੀ ਹੈ। ਇੰਝ ਫ਼ਸਲੀ ਸੰਘਣਤਾ 190 ਪ੍ਰਤੀਸ਼ਤ ਬਣਦੀ ਹੈ ਜਿਸ 'ਚ ਰਬੀ 'ਚ ਕਣਕ, ਛੋਲੇ, ਜੌਂ, ਆਲੂ ਅਤੇ ਸਰਦੀਆਂ ਦੀਆਂ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ। ਖ਼ਰੀਫ਼ ਦੀ ਫ਼ਸਲ ਝੋਨਾ, ਮੱਕੀ, ਗੰਨਾ, ਕਪਾਹ ਅਤੇ ਦਲਹਨ ਦੀ ਖੇਤੀ ਹੁੰਦੀ ਹੈ। ਕੁੱਲ ਘਰੇਲੂ ਉਤਪਾਦਨ ਦਾ 25 ਪ੍ਰਤੀਸ਼ਤ ਭਾਗ ਉਦਯੋਗ ਅਤੇ 50 ਪ੍ਰਤੀਸ਼ਤ ਭਾਗ ਸੇਵਾਵਾਂ ਤੋਂ ਆਉਂਦਾ ਹੈ।

ਪੰਜਾਬ ਦਾ 5.42 ਅਰਬ ਰੁ. ਨਾਲ  ਦੇਸ਼ ਦੀ ਆਰਥਿਕਤਾ ਦੇ ਪੱਖੋਂ ਸੋਲਵਾਂ ਸਥਾਨ ਹੈ। ਸਲਾਨਾ ਪ੍ਰਤੀ ਵਿਅਕਤੀ ਆਮਦਨ 176, 547 ਰੁ. ਹੈ। ਕੁੱਲ ਘਰੇਲੂ ਉਤਪਾਦਨ ਦੀ ਦਰ  2.8 ਪ੍ਰਤੀਸ਼ਤ ਹੈ। ਪ੍ਰਤੀ ਵਿਅਕਤੀ ਕੁੱਲ ਘਰੇਲੂ ਉਤਪਾਦਨ 'ਚ ਪੰਜਾਬ ਉਨੀਂਵੇਂ ਪੌਡੇ 'ਤੇ ਹੈ। ਇੱਕੀਵੀਂ ਸਦੀ ਦੇ ਦੋ ਦਹਾਕਿਆਂ ਵਿਚ ਦੇਸ਼ ਵਿਚੋਂ ਪੰਜਾਬ ਧੀਮੀ ਵਿਕਾਸ ਦਰ 'ਚ ਹੇਠਾਂ ਤੋਂ ਦੂਜੇ ਪਾਇਦਾਨ 'ਤੇ ਰਿਹਾ। 1981 'ਚ ਇਹ ਪਹਿਲੇ ਦਰਜੇ 'ਤੇ ਸੀ ਅਤੇ 2001 'ਚ ਚੌਥੇ ਦਰਜੇ 'ਤੇ ਰਿਹਾ। ਸੰਨ ਇੱਕੀ ਤਕ ਆਉਂਦੇ-ਆਉਂਦੇ ਇਹ ਉਨੀਂਵੇ ਅੰਕ 'ਤੇ ਪਹੁੰਚ ਗਿਆ। ਹੁਣ ਸੰਨ 21-22 'ਚ ਪੰਜਾਬ 'ਤੇ 52. 5 ਪ੍ਰਤੀਸ਼ਤ ਭਾਵ ਤਕਰੀਬਨ ਤੇਈ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ ਜਿਸ ਦਾ ਵਿਆਜ਼ ਵਾਪਿਸ ਕਰਨ 'ਚ ਸਾਲ ਦਾ ਅੱਧਾ ਬਜਟ ਖ਼ਰਚ ਹੋ ਜਾਂਦਾ ਹੈ। ਇਸ ਸਾਲ ਪੰਜਾਬ ਦੀ ਆਮਦਨ 88050 ਕਰੋੜ ਰੁ. ਸੀ ਅਤੇ ਖ਼ਰਚਾ 1.55 ਕਰੋੜ ਰੁ. ਹੋਇਆ। ਇੰਝ ਬਜਟ 'ਚ ਘਾਟਾ 24828 ਕਰੋੜ ਰੁ. ਰਿਹਾ।

ਪੰਜਾਬ 'ਚ ਪ੍ਰਤੀ ਵਰਗ ਕਿ.ਮੀ. ਵੱਸੋਂ ਦੀ ਸੰਘਣਤਾ 551 ਹੈ। ਇਸ ਵੱਸੋਂ ਦਾ ਵਿਕਾਸ ਦਰ ਤਕਰੀਬਨ ਚੌਂਦਾਂ ਪ੍ਰਤੀਸ਼ਤ ਹੈ। ਇਸਤਰੀ ਲਿੰਗ ਔਸਤ 895 ਹੈ। ਸ਼ਾਖ਼ਰਤਾ ਦਰ ਤਕਰੀਬਨ 75 ਪ੍ਰਤੀਸ਼ਤ ਹੈ। ਮਨੁੱਖੀ ਵਿਕਾਸ ਸੂਚੀ 'ਚ ਪੰਜਾਬ ਦਾ ਦੇਸ਼ 'ਚ ਨੌਵਾਂ ਸਥਾਨ ਹੈ।

ਪੰਜਾਬ 'ਚ ਸੱਠਵਿਆਂ ਦੇ ਦੂਜੇ ਅੱਧ 'ਚ ਆਈ ਹਰੀ ਕ੍ਰਾਂਤੀ ਤੋਂ ਬਾਅਦ ਵਿਕਾਸ ਦਰ 'ਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਸੀ। ਖੇਤੀ ਪੈਦਾਵਾਰ 'ਚ ਵਾਧੇ ਲਈ ਹਰੀ ਕ੍ਰਾਂਤੀ ਨੇ ਦੋ ਸਾਧਨ ਉਪਲੱਬਧ ਕਰਾਏ; ਤਕਨੌਲੋਜੀ ਅਤੇ ਆਧਾਰ ਢਾਂਚਾ। ਇਸ ਤੋਂ ਪੈਦਾ ਹੋਈ ਫ਼ਸਲ ਦੀ ਪੈਦਾਵਾਰ ਕੱਚੇ ਮਾਲ ਦੇ ਰੂਪ 'ਚ ਸਿੱਧੀ ਮੰਡੀ 'ਚ ਪੁੱਜਦੀ ਹੋਣ ਲੱਗੀ। ਹਰੀ ਕ੍ਰਾਂਤੀ ਨੇ ਤਕਨਾਲੋਜੀ ਅਤੇ ਉੱਨਤ ਬੀਜਾਂ ਨਾਲ ਵਾਧੂ ਫ਼ਸਲ ਉਤਪਾਦਨ ਲਈ ਕਿਸਾਨ ਨੂੰ ਮੰਡੀਆਂ 'ਚ ਪੁੰਹਚਾਉਣ ਲਈ ਤਾਂ ਨਿਪੁੰਨ ਕਰ ਦਿੱਤਾ। ਇਸ ਦੌਰਾਨ ਕਿਸਾਨੀ ਅਤੇ ਉਪਭੋਗਤਾ ਦੇ ਦੋਹਰੇ ਸ਼ੋਸ਼ਣ ਲਈ, ਰਾਸ਼ਟਰੀ-ਅੰਤਰਰਾਸ਼ਟਰੀ ਪੂੰਜੀ ਨੇ ਕਿਸਾਨੀ ਅਤੇ ਉਪਭੋਗਤਾਵਾਂ, ਉਦਯੋਗੀ ਅਤੇ ਵਿਓਪਾਰਕ ਵਿਚਕਾਰ ਵਿਚੋਲਿਆਂ/ਦਲਾਲਾਂ ਦਾ ਵੱਡਾ ਵਰਤਾਰਾ ਖੜ੍ਹਾ ਕਰ ਦਿੱਤਾ। ਪਰ ਇਸ ਵਾਧੂ ਪੈਦਾਵਾਰ ਨੂੰ ਸਾਂਭਣ ਲਈ ਸਟੋਰੇਜ਼ ਕਪੈਸਟੀ, ਫ਼ਸਲ ਦੀ ਖ਼ਪਤ ਜਾਂ ਉਪਭੋਗ ਲਈ ਨਵੇਂ ਅੰਤਿਮ ਉਤਪਾਦਨ ਲਈ ਛੋਟੇ ਪਰੋਸੈਸਿੰਗ ਪਲਾਂਟਾਂ ਦੀ ਸਨਅੱਤ ਦਾ ਵਿਕਾਸ, ਉਸਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਪੈਦਾ ਨਾ ਕਰਨ ਅਤੇ ਫ਼ਸਲੀ ਚੱਕਰ 'ਚ ਵੱਖਰੇਵਾਂ ਅਤੇ ਵਿਭਿੰਨਤਾ ਨਾ ਲਿਆਉਣ ਕਾਰਣ ਹੁਣ ਹਰੀ ਕ੍ਰਾਂਤੀ ਦਾ ਉਲਟ-ਮਨਫ਼ੀ ਪ੍ਰਭਾਵ ਆਮਦਨ ਦੇ ਸਥਿਰੀਕਰਨ, ਵਾਤਾਵਰਣ ਦੀ ਗੁਣਵੱਤਾ 'ਚ ਅਤੇ ਪਾਣੀਆਂ ਦੇ ਪੱਧਰ 'ਚ ਗਿਰਾਵਟ ਦੇਰ ਰੂਪ 'ਚ ਸਾਹਮਣੇ ਆ ਰਹੇ ਹਨ।

ਪੰਜਾਬ ਸਾਹਮਣੇ ਵਰਤਮਾਨ ਦੌਰ 'ਚ ਉਪਰੋਕਤ ਕਾਰਨਾਂ ਕਰ ਕੇ ਬੜੀਆਂ ਕਠਿਨ ਤੇ ਗੁੰਝਲਦਾਰ ਸਮੱਸਿਆਵਾਂ ਦਰਪੇਸ਼ ਹਨ। ਪੰਜਾਬ ਦਾ ਵਰਤਮਾਨ ਦੌਰ 'ਉੱਤਰ ਹਰੀ ਕ੍ਰਾਂਤੀ ਕਾਲ' ਦਾ ਦੌਰ ਹੈ ਜਿਸਨੂੰ ਅੱਜ ਕੱਲ੍ਹ

'ਹਰੀ ਭ੍ਰਾਂਤੀ' ਵੀ ਕਿਹਾ ਜਾ ਰਿਹਾ ਹੈ। ਇਸਨੇ ਪੰਜਾਬ ਨੂੰ ਵੱਡੇ ਸੁਪਨੇ ਦਿਖਾਏ ਸਨ ਪਰ ਅੱਜ ਪੰਜਾਬੀ ਆਰਥਿਕਤਾ ਤੇ ਸਭਿਆਚਾਰ ਨੂੰ 'ਨਿਰਾਸ਼ਾ/ਬੇਆਸ' (Dystopia) ਤੇ ਨਿਘਾਰ ਦੀ ਜਿੱਲ੍ਹਣ 'ਚ ਫਸਾਅ ਦਿੱਤਾ ਹੈ ਕਿਉਂਕਿ ਇਹ ਮੈਕਾਰਥੀਅਨ ਅਮਰੀਕੀ ਪੂੰਜੀਵਾਦ ਦਾ ਵੱਡਾ ਫੋਰਡ-ਪ੍ਰੋਜੈਕਟ ਸੀ ਜਿਸਦਾ ਪ੍ਰਯੋਗ ਪੰਜਾਬ ਦੀ ਧਰਤੀ 'ਤੇ ਕੀਤਾ ਗਿਆ। ਇਸ ਪਿੱਛੇ ਨਵ-ਬਸਤੀਵਾਦ ਅਤੇ ਨਵ-ਪੂੰਜੀਵਾਦ ਦਾ ਮੂਲ ਮੋਟਿਫ਼ ਨਵੇਂ ਬੀਜਾਂ, ਖਾਦਾਂ, ਕੀੜੇਮਾਰ ਦਵਾਈਆਂ ਅਤੇ ਨਵੀਂ ਤਕਨੀਕੀ-ਮਕਾਨਕੀ ਖੇਤੀ ਸੰਦਾਂ ਰਾਹੀਂ ਪੰਜਾਬ ਨੂੰ 'ਖੇਤੀ ਬਸਤੀ' 'ਚ ਤਬਦੀਲ ਕਰਨਾ ਅਤੇ ਵੱਧ ਤੋਂ ਵੱਧ ਲਾਭ ਕਮਾਉਣਾ ਸੀ।

ਹਰੀ ਕ੍ਰਾਂਤੀ (ਭ੍ਰਾਂਤੀ) ਕਾਰਣ ਹੀ ਪੰਜਾਬ ਨੂੰ ਅੱਤਵਾਦ ਦਾ ਦੌਰ ਦੇਖਣਾ ਪਿਆ। ਜੋ ਪਦਾਰਥਵਾਦੀ ਪੂੰਜੀ ਤੇ ਸਰਮਾਏ ਦਾ ਅਸਹਿਜ ਪਾਸਾਰ ਹੋਇਆ ਉਸਦੇ ਸਮਰੂਪ ਸਭਿਆਚਾਰਕ ਕਦਰਾਂ ਕੀਮਤਾਂ ਅਤੇ ਸਮੂਹਕ ਸਮਾਜਕ ਸਮਝ ਦਾ ਸੰਤੁਲਿਤ ਵਿਗਾਸ ਨਹੀਂ ਹੋ ਸਕਿਆ ਜਿਸ ਕਾਰਨ ਜੋ ਖੱਪਾ ਪੈਦਾ ਹੋਇਆ ਉਸਨੂੰ ਅੱਤਵਾਦ, ਖਾੜਕੂਵਾਦ ਅਤੇ ਵੱਖਵਾਦ ਦੀ ਭਾਸ਼ਾ ਨੇ ਭਰ ਦਿੱਤਾ। ਇਸ ਕਾਰਣ ਹੀ ਪੰਜਾਬ ਨੂੰ ਵੀਹ ਸਾਲ ਦੇ ਕਾਲ਼ੇ ਦੌਰ ਦਾ ਸਿਤਮ ਝੱਲਣਾ ਪਿਆ। ਇਸ ਹਰੀ ਕ੍ਰਾਂਤੀ (ਭ੍ਰਾਂਤੀ) ਕਾਰਣ ਹੀ ਪੰਜਾਬ ਨੂੰ ਅੱਤਵਾਦ ਤੋਂ ਬਾਅਦ ਚਾਰ ਪੱਖਾਂ ਤੋਂ ਹੋਰ ਸੰਤਾਪ ਝੱਲਣੇ ਪੈ ਰਹੇ ਹਨ। ਹਰੀ ਕ੍ਰਾਂਤੀ (ਭ੍ਰਾਂਤੀ) ਤੋਂ ਬਾਅਦ ਇਕ ਦਮ ਬੇਬਹਾ ਪੈਸਾ ਆਉਣ ਕਾਰਣ ਪੰਜਾਬੀ ਬੰਦਾ ਦੇਖਾ-ਦੇਖੀ ਦਿਖਾਵੇ (Demonstration) ਦੀ ਜ਼ਿੰਦਗੀ ਜਿਉਣ ਲੱਗਾ ਨਤੀਜਨ ਕਰਜ਼ਿਆਂ ਦੇ ਦੁਸ਼ਚੱਕਰ 'ਚ ਫਸ ਗਿਆ।

ਪੰਜਾਬ ਵਿਚ ਹਰੀ ਕ੍ਰਾਂਤੀ (ਭ੍ਰਾਂਤੀ) ਦੀ ਤਿੱਖੀ ਆਰਥਿਕ ਚੜ੍ਹਾਈ ਤੋਂ ਬਾਅਦ ਵਰਤਮਾਨ ਪੰਜਾਬ ਦਾ ਖੇਤੀ ਸੈਕਟਰ ਖੜੋਤ ਦਾ ਸ਼ਿਕਾਰ ਹੈ ਭਾਵ ਖੇਤੀ ਲਾਹੇਵੰਦੀ ਨਹੀਂ ਰਹੀ ਜਿਸ ਕਾਰਣ ਕਿਸਾਨੀ ਕਰਜ਼ੇ ਦੇ ਗਧੀ ਗੇੜ 'ਚ ਫਸ ਕੇ ਰਹਿ ਗਈ। ਕਿਸਾਨ ਖੁਦਕੁਸ਼ੀਆਂ ਕਰਨ ਲੱਗੇ ਜਾਂ ਨਸ਼ਿਆਂ ਦੇ ਆਦੀ ਹੋ ਗਏ। ਖੇਤ ਮਜ਼ਦੂਰਾਂ ਦੀ ਆਰਥਿਕ, ਸਮਾਜਕ ਹਾਲਤ ਤਾਂ ਹੋਰ ਵੀ ਵੱਧ ਨਿੱਘਰੀ ਅਤੇ ਉਹ ਵੀ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹੋਏ। ਅੱਤਵਾਦ ਦੇ ਸੰਕਟ ਕਾਰਨ ਪੰਜਾਬ ਸਰਕਾਰ 'ਤੇ ਕਈ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ।

ਹਰੀ ਕ੍ਰਾਂਤੀ (ਭ੍ਰਾਂਤੀ) ਕਾਰਣ ਹੀ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਸਤਰ ਘੱਟ (Depletion) ਗਿਆ ਅਤੇ ਖ਼ਰੀਫ਼ ਭਾਵ ਝੋਨੇ ਦੀ ਖੇਤੀ ਜੋ ਪੰਜਾਬ ਦੇ ਈਕੋ ਸਿਸਟਮ ਅਤੇ ਜਲਵਾਯੂ (Environment) ਦੇ ਅਨੁਕੂਲ ਨਹੀਂ, ਇਸ ਕਾਰਨ ਵੀ ਪੰਜਾਬ ਦੇ ਮਾਰੂਸਥਲੀਕਰਨ (Desertification) ਦੀਆਂ ਸੰਭਾਵਨਾਵਾਂ ਤੀਬਰ ਹੋ ਗਈਆਂ ਹਨ। ਝੋਨੇ ਕਾਰਣ ਪਿਛਲੇ ਕੁਝ ਸਾਲਾਂ 'ਚ ਪਰਾਲ਼ੀ ਨੂੰ ਅੱਗ ਲਾਉਣ ਕਾਰਨ ਪੈਦਾ ਹੋਣ ਵਾਲੀਆਂ ਕਾਰਬਨ ਭਾਰੂ ਤੱਤ ਵਾਲੀਆਂ ਹਵਾਵਾਂ ਨਾਲ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਇਹ ਸਿਰਫ਼ ਮਨੁੱਖਾਂ ਦੀ ਸਿਹਤ ਲਈ ਹੀ ਹਾਨੀਕਾਰਕ ਨਹੀਂ ਸਗੋਂ ਇਸ ਵਿਚ ਮਿੱਤਰ ਕੀੜਿਆਂ ਦੇ ਸੇਕ ਕਾਰਨ ਝੁਲਸ ਜਾਣ ਅਤੇ ਮਿੱਟੀ ਦਾ ਉਰਵਰਾਪਨ ਖ਼ੁੱਸਣ ਦਾ ਖ਼ਤਰਾ ਵੀ ਸ਼ਾਮਿਲ ਹੈ। ਰਬੀ (ਕਣਕ) ਅਤੇ ਖ਼ਰੀਫ਼ (ਝੋਨੇ) ਦੇ ਦੁਸ਼ਚੱਕਰ 'ਚ ਫਸੀ ਖੇਤੀ 'ਚ ਖਤਰਨਾਕ ਕੀਟਨਾਸ਼ਕ ਦਵਾਈਆਂ ਦੀ ਅਤੇ ਖਾਦਾਂ ਦੀ ਹੱਦੋਂ ਵੱਧ ਵਰਤੋਂ ਨਾਲ ਧਰਤੀ ਦੀ ਉਪਰਲੀ ਸਤਹ ਜ਼ਹਿਰੀਲੀ ਹੋਈ ਅਤੇ ਧਰਤੀ ਹੇਠਲਾ ਪਾਣੀ ਬਹੁਤ ਨੀਵਾਂ ਚਲੇ ਗਿਆ ਅਤੇ ਬਹੁਤ ਹੱਦ ਤਕ ਰਸਾਇਣਕ ਪੱਧਰ 'ਤੇ ਪ੍ਰਦੂਸ਼ਿਤ ਵੀ ਹੋ ਗਿਆ ਹੈ। ਇਸ ਪ੍ਰਦੂਸ਼ਣ ਤੋਂ ਮੁਕਤ ਹੋਣ ਦਾ ਇਕੋ ਇਕ ਹੱਲ ਖੇਤੀ ਵਿਚ ਵਿਭਿੰਨਤਾ (diversity) ਲਿਆ ਕੇ ਝੋਨੇ-ਕਣਕ ਦੇ ਫ਼ਸਲੀ ਚੱਕਰ 'ਚੋਂ ਨਿਕਲਣ 'ਚ ਹੈ।

ਪੰਜਾਬ ਵਿਚ ਕਾਰਪੋਰੇਟ ਕੰਪਨੀਆਂ ਨੇ ਹਾਈਬ੍ਰਿਡ ਬੀਜਾਂ ਜਿਵੇਂ ਮੱਕੀ, ਜੀਐਮਓ ਬੀਟੀ ਕਾਟਨ ਅਤੇ ਹਾਈਬ੍ਰਿਡ ਚੌਲਾਂ ਦੀਆਂ ਕਿਸਮਾਂ ਦੇ ਬੀਜ ਸਪਲਾਈ ਕੀਤੇ ਹਨ ਜੋ ਕਿ ਇਥੋਂ ਦੀਆਂ ਵਾਤਾਵਰਣਿਕ ਸਥਿਤੀਆਂ ਮੁਆਫ਼ਕ ਨਹੀਂ। ਇਸੇ ਕਰਕੇ ਇਹ ਵੱਡੇ ਪੱਧਰ 'ਤੇ ਕੀੜਿਆਂ ਤੋਂ ਕੰਟਰੋਲ, ਰਸਾਇਣ ਦੀ ਵਰਤੋਂ ਵਿਚ ਕਮੀ ਲਿਆਉਣ ਅਤੇ ਝਾੜ ਵਿਚ ਹੋਣ ਵਾਲੇ ਦਾਅਵਿਆਂ ਦੇ ਵਿਸ਼ੇ 'ਤੇ ਨਾਕਾਮ ਸਾਬਿਤ ਹੋਈਆਂ ਹਨ। ਸਰਕਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਬੀਟੀ ਕਾਟਨ ਵਿਚ ਸੁੰਡੀ (Bull Worm) ਦਾ ਪ੍ਰਤੀਰੋਧ ਵਧਿਆ ਹੈ, ਜਿਸ ਕਾਰਨ ਕਿਸਾਨਾਂ ਨੂੰ ਹੋਰ ਜ਼ਿਆਦਾ ਜ਼ਹਿਰਲੀਆਂ ਦਵਾਈਆਂ ਦਾ ਛਿੜਕਾਅ ਕਰਨਾ ਪੈਂਦਾ ਹੈ। ਜਿਸ ਦਾ ਅਸਰ ਵਾਤਾਵਰਣਿਕ, ਮਿੱਟੀ ਅਤੇ ਪਾਣੀ ਦੇ ਪ੍ਰਦੂਸ਼ਣ 'ਚ ਪ੍ਰਤੱਖ ਦਿਖਾਈ ਦੇਣ ਲਗਾ ਹੈ। ਪਹਿਲਾਂ ਦੇ ਮੁਕਾਬਲੇ ਝਾੜ ਵਿਚ ਵੀ ਕਮੀ ਆਈ ਹੈ ਅਤੇ ਉਤਪਾਦਨ ਲਾਗਤਾਂ ਵਿਚ ਵਾਧਾ ਹੋਇਆ ਹੈ। ਇਸ ਕਾਰਨ ਕਿਸਾਨਾਂ 'ਤੇ ਲਾਗਤ ਵਧਣ ਕਾਰਨ ਵਿੱਤੀ ਬੋਝ ਵਧਿਆ ਹੈ।

ਪੰਜਾਬ ਦੇ ਇਸ ਹਰੀ ਕ੍ਰਾਂਤੀ ਤੋਂ ਬਾਅਦ ਪੈਦਾ ਹੋਏ ਖੇਤੀ ਦੇ ਸੰਕਟ ਦੇ ਸਮਾਧਾਨ ਲਈ ਅੰਨ ਉਤਪਾਦਨ ਤੋਂ ਬਦਲ ਕੇ ਪੌਸ਼ਟਿਕ ਭੋਜਨ ਦੀ ਪੈਦਾਵਾਰ ਵੱਲ ਕਰਨਾ ਪਵੇਗਾ ਭਾਵ ਝੋਨੇ ਅਤੇ ਕਣਕ ਦੇ ਫ਼ਸਲੀ ਚੱਕਰ ਤੋਂ ਨਿਕਲ


**www.sanvad.org**
ISSN : 2395-1273

ਕੇ ਦਾਲਾਂ, ਸਬਜ਼ੀਆਂ, ਦੁੱਧ, ਮੀਟ ਮੱਛੀ ਉਤਪਾਦਨ ਅਤੇ ਫਲਾਂ ਫੁੱਲਾਂ ਦੀ ਕਾਸ਼ਤਕਾਰੀ ਦੀ ਲੋੜ ਹੈ। ਪਰ ਸਰਕਾਰ ਦੀ ਨੀਤੀ ਅੰਨ ਕੇਂਦ੍ਰਿਤ ਹੋਣ ਕਾਰਨ ਕਿਸਾਨ ਫ਼ਸਲੀ ਵਿਭਿੰਨਤਾ ਨਹੀਂ ਅਪਣਾਅ ਰਿਹਾ ਕਿਉਂਕਿ ਉਸਦਾ ਵਾਧੂ ਅੰਨ ਉਤਪਾਦਨ ਸਰਕਾਰ ਵੱਲੋਂ ਜਨਤਕ ਵਿਤਰਣ ਪ੍ਰਣਾਲੀ ਲਈ (PDS) ਖ਼ਰੀਦ (procure) ਲਿਆ ਜਾਂਦਾ ਹੈ।

ਵਰਤਮਾਨ 'ਚ ਖੇਤੀ ਦੇ ਪ੍ਰਗਤੀਸ਼ੀਲ ਵਿਕਾਸ ਲਈ ਅਜਿਹੇ ਆਧਾਰ ਢਾਂਚੇ ਦੀ ਡਿਜੀਟਲ ਅਤੇ ਮਸਨੂਈ ਬੁੱਧੀ ਆਧਾਰਿਤ ਤਕਨੀਕੀ ਸਾਧਨਾਂ ਅਤੇ ਸਰੋਤਾਂ ਤਕ ਪਹੁੰਚ ਹੁਣ ਸਮੇਂ ਦੀ ਭਾਰੀ ਲੋੜ ਬਣ ਗਈ ਹੈ। ਪਰ ਸਮੱਸਿਆ ਇਹ ਹੈ ਕਿ ਇਹ ਸਰੋਤ ਕਿਸਾਨ ਨੂੰ ਕੌਣ ਪ੍ਰਾਪਤ ਕਰਾਏ? ਸਰਕਾਰ? ਇਹ ਸਰਕਾਰ ਦੇ ਵੱਸ ਦੀ ਗੱਲ ਨਹੀਂ ਲੱਗਦੀ। ਇਸੇ ਲਈ ਉਹ ਖੇਤੀ ਦਾ ਕਾਰਪੋਰੇਟੀਕਰਨ ਕਰਨ ਲਈ ਤਿੰਨ ਖੇਤੀ ਕਾਨੂੰਨ ਲਿਆਈ ਹੈ। ਇਹ ਕਾਨੂੰਨ ਕਿਸਾਨਾਂ ਨੂੰ ਮਨਜ਼ੂਰ ਨਹੀਂ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਬਹੁਕੌਮੀ ਕੰਪਨੀਆਂ ਆਉਣ ਵਾਲੇ ਸਮਿਆਂ 'ਚ ਉਨ੍ਹਾਂ ਦੀਆਂ ਜ਼ਮੀਨਾਂ ਹਥਿਆ ਲੈਣਗੀਆਂ। ਕਿਸਾਨਾਂ ਨੂੰ ਡਰ ਹੈ ਕਿ ਕਾਰਪੋਰੇਟ ਕੰਪਨੀਆਂ ਦਾ ਉਦੇਸ਼ ਭਲਾਈ ਨਹੀਂ ਮੁਨਾਫ਼ਾ ਹੁੰਦਾ ਹੈ। ਸਰਕਾਰ ਇਹ ਜ਼ਿੰਮੇਵਾਰੀ ਬਾਜ਼ਾਰ ਰਾਹੀਂ ਕਾਰਪੋਰੇਟ ਨੂੰ ਇਸ ਲਈ ਦੇਣਾ ਚਾਹੁੰਦੀ ਹੈ ਕਿ ਅੰਨ ਦੀ ਖ਼ਰੀਦ (procurement) ਅਤੇ ਵਿਤਰਣ (distribution) ਤੋਂ ਮੁਕਤ ਹੋ ਜਾਵੇ। ਇਸ ਨਾਲ ਉਸ ਕੋਲ ਫ਼ਸਲ ਖਰੀਦੀ ਦੇ ਅਰਬਾਂ ਰੁਪਏ ਬਚ ਜਾਣਗੇ ਜਿਸ ਨਾਲ ਉਹ ਲੋਕਾਂ ਨੂੰ ਮੁਫ਼ਤ ਤੋਹਫ਼ੇ (freebees) ਵੰਡ ਕੇ ਆਪਣਾ ਸਿਆਸੀ ਲਾਹਾ ਲੈ ਸਕੇ। ਇਸ ਤੋਂ ਇਹ ਸਪੱਸ਼ਟ ਹੈ ਕਿ ਪੰਜਾਬ ਦੇ ਇਸ ਖੇਤੀ ਸੰਕਟ ਨੂੰ ਨਾ ਸਰਕਾਰਾਂ (ਕੇਂਦਰ ਤੇ ਰਾਜ ਦੋਵੇਂ ਹੀ) ਇਕੱਲਿਆਂ ਹੱਲ ਕਰ ਸਕਦੀਆਂ ਹਨ ਨਾ ਹੀ ਕਾਰਪੋਰੇਟ ਕੰਪਨੀਆਂ। ਖੇਤੀ ਦਾ ਸੰਕਟ ਕੇਵਲ ਭਾਰਤ ਦਾ ਹੀ ਨਹੀਂ ਸਗੋਂ ਗਲੋਬਲੀ ਵਿਸ਼ਾ ਹੈ। ਖੋਜ, ਸਿੱਖਿਆ, ਤਕਨੀਕ ਅਤੇ ਸਮਾਜਕ ਪਰਿਵਰਤਨ ਦੇ ਸਰੋਕਾਰ ਵੀ ਇਸ ਨਾਲ ਡੂੰਘੀ ਤਰ੍ਹਾਂ ਜੁੜੇ ਹਨ। ਖੇਤੀ ਦੇ ਪੂਰੇ ਪ੍ਰਬੰਧ ਨੂੰ ਸਮਝੇ ਬਿਨਾ ਨਾ ਖੇਤੀ ਸੰਕਟ ਦਾ ਸਮਾਧਾਨ ਹੋਵੇਗਾ ਨਾ ਖੇਤੀ ਲਾਹੇਵੰਦੀ ਅਤੇ ਚਿਰਸਥਾਈ ਰਹੇਗੀ।

ਪੰਜਾਬ ਦੇ ਖੇਤੀ ਸੰਕਟ 'ਚੋਂ ਪੈਦਾ ਹੋਏ ਕਿਸਾਨੀ ਸੰਘਰਸ਼ ਨੇ ਇਹ ਤਾਂ ਸਾਬਿਤ ਕਰ ਦਿੱਤਾ ਹੈ ਕਿ ਕਿਸਾਨ ਕੇਵਲ ਅੰਨ ਹੀ ਪੈਦਾ ਨਹੀਂ ਕਰਦਾ ਬਲਕਿ ਉਸਦੇ ਗਿਰਦ ਸਮਾਜ ਦੀਆਂ ਸਾਰੀਆਂ ਜਾਤਾਂ ਦੀ ਸ਼ਮੂਲੀਅਤ ਘੁੰਮਦੀ ਹੈ ਜਿਸ ਨਾਲ ਸਮਾਜ ਦਾ ਅਰਥਚਾਰਾ ਤੇ ਭਾਈਚਾਰਾ ਚੱਲਦਾ ਹੈ ਜਿਸਦਾ ਆਧਾਰ ਆਪਸੀ ਮਿਲਵਰਤਨ, ਸਹਿਯੋਗ, ਸਹਿਹੋਂਦ ਹੈ। ਕਿਸਾਨੀ ਸੰਘਰਸ਼ ਨੇ ਇਕ ਵਾਰ ਫਿਰ ਸਮਾਜ ਵਿਚ ਜੀਨ ਜੈਕ ਰੂਸੋ ਦਾ ਦਿੱਤਾ ਨਾਆਰਾ ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ ਬੁਲੰਦ ਕਰ ਕੇ ਨਵੇਂ ਸਮਾਜ ਦੇ ਨਿਰਮਾਣ ਦਾ ਸੁਪਨਾ ਲਿਆ ਹੈ ਅਤੇ ਉਸ ਸੁਪਨੇ ਨੂੰ ਸਾਕਾਰ ਕਾਰਨ ਲਈ ਸੰਘਰਸ਼ ਵਿੱਢਿਆ ਹੈ। ਪਰ ਇਥੇ ਸਾਨੂੰ ਇਸ ਗੱਲ ਤੋਂ ਸੁਚੇਤ ਰਹਿਣ ਦੀ ਲੋੜ ਹੈ ਕਿ ਅਸੀਂ ਕਿਸਾਨੀ ਸੰਘਰਸ਼ ਨੂੰ ਕੇਵਲ ਸਾਰੀਆਂ ਸਮੱਸਿਆਵਾਂ ਤੇ ਰੋਗਾਂ ਨੂੰ ਦੂਰ ਕਰਨ ਦੀ ਔਸ਼ਧੀ (panacea) ਨਾ ਮੰਨ ਲਈਏ। ਅਜਿਹਾ ਕਰਨਾ ਨਾ ਸਿਰਫ਼ ਇਸ ਲਹਿਰ ਨਾਲ ਬੇਇਨਸਾਫ਼ੀ ਹੋਵੇਗੀ ਸਗੋਂ ਸਾਡੀਆਂ ਆਸਾਂ ਤੇ ਬੇਥਵੀਆਂ ਉਮੀਦਾਂ ਦਾ ਵੀ ਕੁਰਾਹੇ ਪੈਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ।

ਪੰਜਾਬ ਵਿਚ ਉਦਯੋਗਾਂ ਜਾਂ ਉਦਯੋਗਿਕ ਵਿਕਾਸ ਦੀ ਸਥਿਤੀ ਵੀ ਬੜੀ ਨਾਜ਼ੁਕ ਹੈ। ਕਿਸੇ ਵੀ ਸੂਬੇ ਦੇ ਉਦਯੋਗਿਕ ਵਿਕਾਸ ਲਈ ਆਯਾਤ ਅਤੇ ਨਿਰਯਾਤ ਦੀ ਬੜੀ ਅਹਿਮ ਭੂਮਿਕਾ ਹੁੰਦੀ ਹੈ। ਬੰਦਰਗਾਹ ਦਾ ਲਾਗੇ ਹੋਣਾ ਉਦਯੋਗਿਕ ਵਿਕਾਸ ਲਈ ਸਦਾ ਲਾਹੇਵੰਦ ਹੁੰਦਾ ਹੈ। ਇਸ ਦਾ ਬਦਲ ਸੁੱਕੀਆਂ ਬੰਦਰਗਾਹਾਂ (Dry Ports) ਵੀ ਬਣਾਈਆਂ ਗਈਆਂ ਪਰ ਖ਼ਰਚ ਦੀ ਔਸਤ ਦੇ ਨੁਕਤੇ ਤੋਂ ਇਹ ਸਮੁੰਦਰੀ ਬੰਦਰਗਾਹਾਂ ਦਾ ਬਦਲ ਹਰਗਿਜ਼ ਨਹੀਂ ਹੋ ਸਕਦੀਆਂ। ਪੰਜਾਬ ਵਿਚ ਕਿਸੇ ਉਤਪਾਦਨ ਦੇ ਨਿਰਮਾਣ ਲਈ ਕੱਚਾ ਮਾਲ ਬਾਹਰੋਂ ਕਿਸੇ ਲਾਗਲੀ ਬੰਦਰਗਾਹ ਤੋਂ ਮੰਗਵਾਉਣਾ ਪੈਂਦਾ ਹੈ ਅਤੇ ਫਿਰ ਨਿਰਮਿਤ ਉਤਪਾਦਨ ਨੂੰ ਬਾਹਰ ਪਹੁੰਚਾਉਣ ਲਈ ਬਹੁਤ ਮਹਿੰਗਾ ਆਵਜਾਈ ਖ਼ਰਚ ਦਾ ਭੁਗਤਾਨ ਕਰਨਾ ਪੈਂਦਾ ਹੈ। ਪੰਜਾਬ ਦਾ ਉਦਯੋਗਿਕ ਖੇਤਰ ਇਸ ਕਮੀ ਤੋਂ ਬਹੁਤ ਪ੍ਰਭਾਵਿਤ ਹੈ। ਦੂਜਾ ਵੱਡਾ ਨੁਕਸਾਨ ਪੰਜਾਬ ਨੂੰ ਆਪਣੇ ਗਵਾਂਢੀ ਰਾਜਾਂ ਤੋਂ ਹੈ ਜੋ ਉਦਯੋਗਾਂ ਨੂੰ ਸਸਤੀ ਜ਼ਮੀਨ, ਟੈਕਸ ਛੋਟਾਂ, ਸਰਮਾਏ 'ਤੇ ਸਬਸਿਡੀ, ਸਸਤੀ ਬਿਜਲੀ ਅਤੇ ਕਿਰਤ ਆਦਿ ਦੇ ਲਾਲਚ ਨਾਲ 'Tax Holidays' ਪ੍ਰਦਾਨ ਕਰ ਆਪਣੇ ਵੱਲ ਖਿੱਚਦੀਆਂ ਹਨ। ਇੰਝ ਪੰਜਾਬ ਆਪਣੇ ਮਹਿੰਗੇ ਉਤਪਾਦਨ ਕਾਰਨ ਵਿਓਪਾਰਕ ਸਮਰੱਥਾ ਤੋਂ ਬਾਹਰ ਹੋ ਜਾਂਦਾ ਹੈ। ਇਸ ਲਾਭ ਦੇ ਅੰਤਰ ਕਾਰਨ ਦਬਾਓ 'ਚ ਆ ਜਾਣ ਦੀ ਵਜਹ ਕਰਕੇ ਕੰਪਨੀਆਂ ਲਈ ਪੰਜਾਬ ਕੋਈ ਲਾਹੇਵੰਦ ਥਾਂ ਨਹੀਂ ਰਹਿ ਜਾਂਦੀ। ਤੀਜਾ ਪੰਜਾਬ ਵਿਚ ਬਿਜਲੀ ਦੀਆਂ ਦਰਾਂ ਬਹੁਤ ਮਹਿੰਗੀਆਂ ਹਨ। ਪੰਜਾਬ ਦੀ ਬਿਜਲੀ ਅੱਠ ਰੁਪਏ ਪ੍ਰਤੀ ਯੂਨਿਟ ਹੈ ਜਦਕਿ ਹਿਮਾਚਲ, ਝਾਰਖੰਡ ਅਤੇ ਉਤਰਾਖੰਡ ਦਸ ਸਾਲ ਵਾਸਤੇ ਟੈਕਸ ਛੋਟ ਦੇ ਨਾਲ ਨਾਲ ਬਿਜਲੀ ਪੰਜ ਰੁਪਏ ਪ੍ਰਤੀ ਯੂਨਿਟ ਹੈ। ਪੰਜਾਬ ਵਿਚ ਉਦਯੋਗਾਂ ਲਈ ਬਿਜਲੀ ਦਰਾਂ ਅਤੇ ਕਰਾਂ ਦੀ

ਦਰ ਇਸ ਲਈ ਲਾਗਲੇ ਰਾਜਾਂ ਤੋਂ ਵੱਧ ਹੈ ਕਿਉਂਕਿ ਪੰਜਾਬ ਕਿਸਾਨਾਂ ਨੂੰ ਖੇਤੀ ਲਈ ਮੁਫ਼ਤ ਬਿਜਲੀ ਪ੍ਰਦਾਨ ਕਰਦਾ ਹੈ। ਉੱਚ ਕਰਾਂ ਅਤੇ ਲੈਵੀਆਂ ਨਾਲ ਪੰਜਾਬ ਮੁਫ਼ਤ ਬਿਜਲੀ ਨਾਲ ਪੈਦਾ ਹੋਇਆ ਘਾਟਾ ਪੂਰਾ ਕਰਦਾ ਹੈ। ਚੌਥਾ ਪੰਜਾਬ ਦੀ ਬਹੁਤੀ ਇੰਡਸਟਰੀ ਮੀਡੀਅਮ ਅਤੇ ਸਮਾਲ ਸਕੇਲ ਇੰਟਰਪਰਾਇਜ਼ਜ਼ (MSME) ਹਨ ਜਿਸ ਵਿਚ ਆਟੋ ਪਾਰਟਸ, ਸਾਈਕਲ ਕਲ ਪੁਰਜ਼ੇ, ਹੌਜ਼ਰੀ, ਖੇਡ ਸਮਾਨ ਅਤੇ ਖੇਤੀ ਸੰਦ ਉਦਯੋਗ ਸ਼ਾਮਿਲ ਹੈ। ਇਨ੍ਹਾਂ ਦੀ ਗਿਣਤੀ ਕੁੱਲ ਮਿਲਾ ਕੇ ਲਗਭਗ ਦੋ ਲੱਖ ਹੈ ਅਤੇ ਸਾਰੇ ਹੀ ਨਕਦ ਲੈਣ ਦੇਣ 'ਤੇ ਚੱਲਦੇ ਹਨ ਅਤੇ ਇਹ ਹੀ ਮੁੱਖ ਰੂਪ ਵਿਚ ਕਿਸਾਨੀ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਦੀ ਮਾਰ ਝੱਲਦੀਆਂ ਹਨ। ਪੰਜਾਬ ਵਿਚ 'VAT' ਦੀ ਦਰ ਵੀ ਬਹੁਤ ਉੱਚੀ ਹੈ ਜੋ ਕਿ 6.05 ਪ੍ਰਤੀਸ਼ਤ ਬਣਦੀ ਹੈ ਜਦਕਿ ਦੂਜੇ ਸੂਬਿਆਂ ਵਿਚ ਇਹ 3-3.5 ਪ੍ਰਤੀਸ਼ਤ ਹੈ। ਪੰਜਾਬ ਵਿਚ 'MSMEs' ਆਪਣੇ ਉਦਯੋਗਾਂ ਦੀਆਂ ਨਵੀਆਂ ਤਕਨੀਕਾਂ ਦੀ ਲੱਭਤ ਲਈ ਖੋਜ ਅਤੇ ਵਿਕਾਸ (Research & Development) ਵਿਚ ਬਹੁਤਾ ਨਿਵੇਸ਼ ਨਹੀਂ ਕਰ ਸਕਦਾ। ਪੰਜਾਬ ਤੇ ਕੇਂਦਰ ਦੋਵੇਂ ਹੀ ਛੋਟੇ ਅਤੇ ਮੱਧਲੇ ਉਦਯੋਗਾਂ ਨੂੰ ਨਿਰਯਾਤ ਉਦਾਰੀਕਰਨ ਤੋਂ ਫ਼ਾਇਦਾ ਲੈ ਸਕਣ ਦੇ ਸਮਰੱਥ ਬਣਾਉਣ ਵਿਚ ਅਸਫ਼ਲ ਰਹੇ ਹਨ। ਚੀਨ ਤੋਂ ਇਸ ਖੇਤਰ ਦਾ ਉਤਪਾਦਨ ਆ ਜਾਣ ਕਰਕੇ ਪੰਜਾਬ ਵਿਚ ਅ-ਉਦਯੋਗੀਕਰਨ (de-industrialisation) ਵਧਿਆ ਹੈ। ਸਭ ਤੋਂ ਵੱਡਾ ਕਾਰਨ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਵੱਡੀ ਅਤੇ ਜਗੀਰੂ ਕਿਸਾਨੀ ਪ੍ਰਬਲਤਾ ਹੋਣ ਕਾਰਨ ਵੀ ਪੰਜਾਬ ਵਿਚ ਉਦਯੋਗੀਕਰਨ ਦੀਆ ਸਹੀ ਅਤੇ ਠੋਸ ਨੀਤੀਆਂ ਨਹੀਂ ਬਣ ਸਕੀਆਂ ਜਿਸ ਦਾ ਖ਼ਮਿਆਜਾ ਵਰਤਮਾਨ ਪੰਜਾਬ ਤਾਂ ਭੁਗਤ ਹੀ ਰਿਹਾ ਹੈ ਭਵਿੱਖ ਦਾ ਪੰਜਾਬ ਵੀ ਇਸ ਦੇ ਕੁਪ੍ਰਭਾਵਾਂ ਤੋਂ ਮੁਕਤ ਨਹੀਂ ਰਹੇਗਾ।

ਪੰਜਾਬ ਵਿਚ ਵੱਡੇ ਉਦਯੋਗਾਂ ਦੀ ਗਿਣਤੀ 550 ਹੈ ਜਿਸ 'ਤੇ ਤਕਰੀਬਨ ਇਕ ਅਰਬ ਤੋਂ ਵੱਧ ਦਾ ਸਰਮਾਇਆ ਲੱਗਾ ਹੋਇਆ ਹੈ। ਇਨ੍ਹਾਂ ਉਦਯੋਗਾਂ ਵਿਚ ਲਗਭਗ ਸਾਢੇ ਤਿੰਨ ਲੱਖ ਕਿਰਤੀਆਂ ਨੂੰ ਰੋਜ਼ਗਾਰ ਮਿਲਿਆ ਹੈ। ਪੰਜਾਬ ਕਿਉਂ ਕਿ ਖੇਤੀ ਪ੍ਰਧਾਨ ਆਰਥਿਕਤਾ ਹੈ ਇਸ ਲਈ ਵਰਤਮਾਨ ਸਥਿਤੀਆਂ ਵਿਚ ਅਤਿ ਵਿਕਸਿਤ ਫੂਡ ਪ੍ਰੋਸੈਸਿੰਗ ਖੇਤਰ ਵਿਚ ਹੀ ਸੰਭਾਵਨਾਵਾਂ ਦਿਖਾਈ ਦਿੰਦੀਆਂ ਹਨ। ਇਸ ਨਾਲ ਖੇਤੀ ਉਤਪਾਦਨ ਵਿਚ ਵੈਲਿਊ ਐਡੀਸ਼ਨ ਦੇ ਨਾਲ-ਨਾਲ ਫ਼ਸਲੀ ਵਿਭਿੰਨਤਾ ਤਾਂ ਆਏਗੀ ਸਗੋਂ ਕਿਸਾਨਾਂ ਨੂੰ ਵੱਧ ਮੁਨਾਫ਼ਾ ਵੀ ਮਿਲੇਗਾ, ਰੋਜ਼ਗਾਰ ਵਿਚ ਵਾਧਾ ਹੋਵੇਗਾ ਅਤੇ ਨਿਰਯਾਤ ਤੋਂ ਆਮਦਨ ਦੀਆਂ ਸੰਭਾਵਨਾਵਾਂ ਵੀ ਵਧਣਗੀਆਂ। ਇਸ ਖੇਤਰ 'ਚ ਤਰੱਕੀ ਨਾਲ ਖਾਧ ਸੁਰੱਖਿਆ, ਖਾਧ ਸਫ਼ੀਤੀ ਅਤੇ ਉਤਮ ਕਿਸਮ ਦੀਆਂ ਖਾਧ ਵਸਤਾਂ ਨਾਲ ਲੋਕਾਂ ਨੂੰ ਸੰਤੁਲਿਤ ਭੋਜਨ ਵੀ ਮਿਲੇਗਾ। ਇਸਨੂੰ 'Sunrise Industry' ਕਿਹਾ ਜਾਂਦਾ ਹੈ। ਆਮ ਤੌਰ 'ਤੇ ਛੋਟੀਆਂ ਜੋਤਾਂ ਅਤੇ ਜ਼ਮੀਨ ਦੀਆਂ ਮਲਕੀਅਤਾਂ ਦੇ ਨਾਲ ਛੋਟੇ ਐ ਖ਼ੁਦਰਾ ਬਾਜ਼ਾਰ ਕਾਰਨ ਪੰਜਾਬ ਵਿਚ ਫੂਡ ਪ੍ਰੋਸੈਸਿੰਗ ਉਦਯੋਗ ਬਹੁਤਾ ਵਿਕਸਤ ਨਹੀਂ ਹੋ ਸਕਿਆ ਪਰ ਪੰਜਾਬ ਵਿਚ ਫ਼ਸਲਾਂ ਦਾ ਝਾੜ ਬਹੁਤ ਜ਼ਿਆਦਾ ਹੋਣ ਕਾਰਨ ਫੂਡ ਪ੍ਰੋਸੈਸਿੰਗ ਉਦਯੋਗਾਂ ਦੀ ਸਥਾਪਤੀ ਹੀ ਆਦਰਸ਼ਕ ਮੰਜ਼ਿਲ ਅਤੇ ਸਹੀ ਹੱਲ ਦਿਖਾਈ ਦਿੰਦਾ ਹੈ।

ਵਰਤਮਾਨ ਪੰਜਾਬ ਹੋਰ ਵੀ ਗੰਭੀਰ ਦੌਰ 'ਚੋਂ ਲੰਘ ਰਿਹਾ ਹੈ ਜਦੋਂ ਨਵ-ਉਦਾਰਵਾਦੀ ਅਤੇ ਨਵ-ਪੂੰਜੀਵਾਦੀ ਅਰਥਚਾਰਾ ਅਤੇ ਲੈਸਿਜ਼ ਫੇਅਰ ਦਾ ਖੁੱਲ੍ਹਾ ਬਾਜ਼ਾਰ ਜਿੱਲ੍ਹਣ 'ਚ ਫਸਿਆ ਪਿਆ ਹੈ। ਪੰਜਾਬ ਦੀ ਆਰਥਿਕਤਾ ਦੀ ਸਭ ਤੋਂ ਵੱਡੀ ਅਹਿਮ ਸਮੱਸਿਆ ਹੈ; ਨਾਬਰਾਬਰੀ (enequality) ਅਤੇ ਆਰਥਿਕ ਪਾੜਾ (economic divides)। ਫਰਾਂਸਿਸੀ ਅਰਥ ਸ਼ਾਸਤਰੀ ਥਾਮਸ ਪਿੱਕਟੀ ਨੇ ਆਪਣੀ ਕਿਤਾਬ *'Capital : in Twenty First century'* 'ਚ ਆਰਥਿਕ ਨਾਬਰਾਬਰੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਪਿਛਲੇ ਸਮਿਆਂ 'ਚ ਮੁੱਖ ਪੱਛਮੀ ਆਰਥਿਕਤਾਵਾਂ 'ਚ ਧਨ ਦੀ ਨਾਬਾਰਾਬਰੀ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਦਾ ਹੈ। ਸਮਾਜ 'ਚ ਆਮਦਨ ਦੀ ਨਾਬਰਾਬਰੀ 'ਤੇ ਖ਼ਾਸਾ ਵਾਦ ਵਿਵਾਦ ਹੁੰਦਾ ਰਹਿੰਦਾ ਹੈ ਪਰ ਸਰਮਾਏ ਬਾਰੇ ਪਿੱਕਟੀ ਵੱਲੋਂ ਇਕੱਤਰ ਕੀਤਾ ਡਾਟਾ ਸੰਕੇਤ ਕਰਦਾ ਹੈ ਕਿ ਸਰਮਾਏ ਦੇ ਸੰਦਰਭ ਵਿਚ ਤਾਂ ਆਮਦਨ ਤੋਂ ਕਿਤੇ ਵੱਧ ਗ਼ੈਰ-ਬਰਾਬਰੀ ਹੈ। ਅਮਰੀਕਾ 'ਚ ਜਨਸੰਖਿਆ ਦਾ 1 ਪ੍ਰਤੀਸ਼ਤ ਧਨ ਸੰਪਤੀ ਦਾ ਮਾਲਿਕ ਹੈ। ਯੂਰਪ 'ਚ 1 ਪ੍ਰਤੀਸ਼ਤ ਅਮੀਰ ਧਨਾਢਾਂ ਕੋਲ ਇਸ ਮਹਾਦੀਪ ਦੇ 25 ਪ੍ਰਤੀਸ਼ਤ ਸਰਮਾਏ ਦੀ ਮਲਕੀਅਤ ਹੈ। ਅਮਰੀਕਾ ਅਤੇ ਯੂਰਪ ਦੀ 10 ਪ੍ਰਤੀਸ਼ਤ ਜਨਸੰਖਿਆ ਦੀ ਅੱਧੇ ਤੋਂ ਵੱਧ ਸਰਮਾਏ ਉਪਰ ਮਾਲਕੀ ਹੈ। ਪਿਛਲੇ ਸਮਿਆਂ 'ਚ ਆਰਥਿਕ ਪਾੜੇ ਦੇ ਵਿਸ਼ੇ 'ਤੇ ਸੰਨ 2015 'ਚ ਜੌਸਫ਼ ਸਟਿੱਗਲਿਜ਼ ਦੀ ਕਿਤਾਬ ਆਈ ਸੀ 'The Great Divide' ਜਿਸ ਵਿਚ ਵੀ ਆਰਥਿਕ ਨਾਬਰਾਬਰੀ 'ਤੇ ਚਰਚਾ ਹੋਈ। ਇਸ ਕਿਤਾਬ 'ਤੇ ਸਟਿੱਗਲਿਜ਼ ਨੂੰ ਅਰਥ ਸ਼ਾਸਤਰ ਦਾ ਨੋਬਲ ਪੁਰਸਕਾਰ ਵੀ ਮਿਲਿਆ। ਵਰਤਮਾਨ ਪੰਜਾਬ ਦੀ ਆਰਥਿਕਤਾ 'ਚ ਇਹ ਨਾਬਰਾਬਰੀ ਅਤੇ ਅਮੀਰ ਗ਼ਰੀਬ 'ਚ ਆਰਥਿਕ ਪਾੜਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਵਿਸ਼ਵ 'ਚ ਇਹ ਨਾਬਰਾਬਰੀ ਅਤੇ ਆਰਥਿਕ ਪਾੜਾ ਸਿਰਫ਼ 1873-97 ਅਤੇ 1929-39 ਦੀਆਂ ਦੋ ਮਹਾਮੰਦੀਆਂ ਅਤੇ ਪਹਿਲੀ ਅਤੇ ਦੂਜੀ ਸੰਸਾਰ


www.sanvad.org
ISSN : 2395-1273

ਜੰਗ ਦੀ ਤਬਾਹੀ ਕਾਰਨ ਹੀ ਘਟਿਆ। ਨਹੀਂ ਤਾਂ ਪੂਰੇ ਵਿਸ਼ਵ ਦੀ ਆਰਥਿਕਤਾ 'ਚ ਨਿਰੰਤਰ ਬਣਿਆ ਰਿਹਾ ਅਤੇ ਵਰਤਮਾਨ ਦੌਰ 'ਚ ਪੰਜਾਬ ਵੀ ਇਸ ਆਰਥਿਕ ਨਾਬਰਾਬਰੀ ਅਤੇ ਪਾੜੇ ਦਾ ਬੁਰੀ ਤਰ੍ਹਾਂ ਸ਼ਿਕਾਰ ਹੈ ਅਤੇ ਇਹ ਕਿਆਸ ਲਾਇਆ ਜਾ ਰਿਹਾ ਹੈ ਕਿ ਇਹ ਆਉਣ ਵਾਲੇ ਭਵਿੱਖ 'ਚ ਹੋਰ ਵਧੇਗਾ।

ਪੰਜਾਬ 'ਚ ਆਰਥਿਕ ਵਿਕਾਸ ਦਰ ਬੜੀ ਬੁਰੀ ਤਰ੍ਹਾਂ ਘਟ ਗਈ ਹੈ। ਜਿਸ ਕਾਰਣ ਰੋਜ਼ਗਾਰ ਦੀਆਂ ਸੰਭਾਵਨਾਵਾਂ 'ਚ ਵੱਡੀ ਕਮੀ ਆਈ ਹੈ। ਬੇਰੋਜ਼ਗਾਰੀ ਦੇ ਨਾਲ-ਨਾਲ ਨਿਮਨ/ਊਣੀ (under) ਰੋਜ਼ਗਾਰੀ ਦਾ ਵੀ ਬੜਾ ਵੱਡਾ ਸੰਕਟ ਹੈ। ਨਵੀਆਂ ਨੌਕਰੀਆਂ ਨਾ ਮਿਲਣ ਕਾਰਨ ਨੌਜਵਾਨ ਨਿਰਾਸ਼ ਹੋ ਕੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਆਪਣੀ ਭੂਗੋਲਿਕਤਾ ਅਤੇ ਸਰਹੱਦੀ ਰਾਜ ਹੋਣ ਕਾਰਣ ਡਰੱਗਜ਼ ਦੇ ਉਤਪਾਦਨ ਦੇ ਗੋਲਡਨ ਕਰੀਸੈਂਟ (Golden Crescent) ਭਾਵ ਅਫ਼ਗਾਨਿਸਤਾਨ, ਈਰਾਨ ਅਤੇ ਪਾਕਿਸਤਾਨ ਦੇ ਚੰਨ ਵਰਗੀ ਭੂਗੋਲਿਕ ਸਥਿਤੀ ਕਾਰਨ ਇਸ ਦੇ ਗਵਾਂਢ 'ਚ ਸਥਿਤ ਹੈ। ਇਸ ਕਾਰਨ ਪੰਜਾਬ ਹੀਰੋਇਨ ਜਾਂ ਅਫ਼ੀਮ ਨਿਰਮਤ ਨਸ਼ਿਆਂ ਦੀ ਤਸਕਰੀ ਦੇ ਰਾਹ 'ਤੇ ਵੀ ਪੈਂਦਾ ਹੈ। ਭੂਗੋਲਿਕਤਾ ਕਾਰਨ ਵੀ ਪੰਜਾਬ 'ਚ ਨਸ਼ਿਆਂ ਦਾ ਸੇਵਨ ਵਧਿਆ ਹੈ। ਹੁਣ ਅਫ਼ਗਾਨਿਸਤਾਨ 'ਚ ਤਾਲੀਬਾਨ ਸ਼ਾਸਨ ਆਉਣ ਕਾਰਨ ਹੀਰੋਇਨ ਦੀ ਤਸਕਰੀ 'ਚ ਵੱਡਾ ਇਜ਼ਾਫ਼ਾ ਹੋਣ ਦੇ ਇਮਕਾਨਾਤ ਹਨ। ਇਸ ਦਾ ਪੰਜਾਬ 'ਤੇ 'Spil over' ਪੈਣਾ ਹੀ ਪੈਣਾ ਹੈ ਤੇ ਨਾਲ ਹੀ ਨਾਲ ਨਸ਼ਿਆਂ ਦਾ ਸੇਵਣ ਵੀ ਵੱਧਣਾ ਹੀ ਵਧਣਾ ਹੈ।

ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁਧ ਐੱਸ ਟੀ ਐੱਫ ਬਣਾ ਕੇ 'CADA' (Comprehensive Action Against Drug Abuse) ਨਾਮੀ ਮੁਹਿੰਮ ਵਿੱਢੀ ਹੈ। ਇਸ ਦੇ ਉਦੇਸ਼ ਨਸ਼ਾਬੰਦੀ ਨੂੰ ਕਾਨੂੰਨ ਅਧੀਨ ਲਾਗੂ ਕਰਨਾ (enforcement), ਨਸ਼ੇੜੀਆਂ ਦਾ ਇਲਾਜ (deaddiction) ਅਤੇ ਨਸ਼ਿਆਂ ਦੀ ਪਕੜ ਧਕੜ ਕਰਕੇ ਰੋਕਥਾਮ ਕਰਨਾ (prevention) ਹਨ। ਜਿਸ ਨਾਲ ਕੁਝ ਹੱਦ ਤਕ ਨਸ਼ਿਆਂ ਦੀ ਸਮੱਸਿਆ ਹੱਲ ਹੋਈ ਹੈ ਪਰ ਅਜੇ ਵੀ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਵੱਡੇ ਹੀਲਿਆਂ ਦੀ ਲੋੜ ਹੈ। ਨਸ਼ੇੜੀਆਂ ਨੂੰ ਅਪਰਾਧੀ ਨਾ ਸਮਝ ਕੇ ਇਕ ਬੀਮਾਰ ਵਜੋਂ ਇਲਾਜ ਦੀ ਜ਼ਰੂਰਤ ਤਾਂ ਹੈ ਹੀ ਉਨ੍ਹਾਂ ਦੇ ਪੁਨਰਵਾਸ ਦੀ ਸਮੱਸਿਆ ਨੂੰ ਸੰਬੋਧਿਤ ਹੋਣ ਦੀ ਅਹਿਮ ਲੋੜ ਹੈ। ਪੰਜਾਬ ਸਰਕਾਰ ਅਤੇ ਐੱਸ ਟੀ ਐੱਫ ਨੇ 'The Drug Abuse Prevention Program' (DAPO) ਵੀ ਸ਼ੁਰੂ ਕੀਤਾ ਹੈ ਜਿਸ ਦਾ ਕੰਮ ਨਸ਼ਿਆਂ ਵਿਰੁੱਧ ਮਾਹੌਲ ਬਣਾਉਣਾ, ਲੋਕਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਿਲ ਕਰਨਾ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਬੱਡੀ ਪ੍ਰੋਗਾਰਮ ਚਲਾਉਣਾ ਡਾਪੋ ਅਫ਼ਸਰਾਂ ਦਾ ਕੰਮ ਹੈ। ਇਸ ਨਾਲ ਪੰਜਾਬ 'ਚ ਕਾਫ਼ੀ ਹੱਦ ਤਕ ਨਸ਼ਿਆਂ ਦੀ ਰੋਕਥਾਮ 'ਚ ਸਫ਼ਲਤਾ ਪਾਈ ਹੈ। ਲੇਕਿਨ ਇਹ ਵੀ ਦੇਖਿਆ ਗਿਆ ਹੈ ਕਿ ਪੁਲਿਸ ਅਤੇ ਹੋਰ ਏਜੰਸੀਆਂ ਨੇ ਨਸ਼ੇ ਨਾਲ ਜੁੜੀਆਂ ਵੱਡੀਆਂ ਮਛਲੀਆਂ ਬਹੁਤੀਆਂ ਗ੍ਰਿਫ਼ਤਾਰ ਨਹੀਂ ਕੀਤੀਆਂ ਬਲਕਿ ਮਿਡਲ ਰੈਂਕ ਕਾਰਕੁੰਨ ਜਾਂ ਪਾਂਡੀ/ਕੁਰੀਅਰ ਹੀ ਹਾਲੇ ਇਸ ਦੀ ਗ੍ਰਿਫ਼ਤ 'ਚ ਆਏ ਹਨ।

ਪੰਜਾਬ ਵਿਚ ਆਰਥਿਕਤਾ ਦੀ ਗਤੀ ਧੀਮੀ ਹੋ ਜਾਣ ਕਰਕੇ ਸਰਕਾਰ ਨੇ ਨਵ-ਉਦਾਰਵਾਦ ਦੀ ਨੀਤੀ ਹੇਠ ਉੱਚ-ਸਿੱਖਿਆ ਦਾ ਵਪਾਰੀਕਰਣ (Commercialisation) ਕਰ ਦਿੱਤਾ। ਪੰਜਾਬ 'ਚ ਪਹਿਲਾਂ ਤਿੰਨ ਹੀ ਪ੍ਰਮੁੱਖ ਯੂਨੀਵਰਸਿਟੀਆਂ ਸਨ। ਪੰਜਾਬ ਯੂਨੀਵਰਸਿਟੀ ਨਾਲ ਤਾਂ ਹੁਣ ਨਾਮ ਹੀ ਪੰਜਾਬ ਜੁੜਿਆ ਹੈ ਬਾਕੀ ਤਾਂ ਇਥੇ ਹੁਣ ਹਰਿਆਣਾ, ਹਿਮਾਚਲ ਅਤੇ ਕੇਂਦਰ ਦੀ ਹਰ ਖੇਤਰ 'ਚ ਪ੍ਰਬਲਤਾ ਵੱਧ ਦੇਖਣ ਨੂੰ ਮਿਲ ਰਹੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੀ ਵਰਤਮਾਨ ਸਮਿਆਂ 'ਚ ਆਪਣੇ ਘੋਸ਼ਿਤ ਮੈਂਡੇਟ ਤੋਂ ਕਈ ਕਾਰਨਾਂ ਜਿਵੇਂ ਆਰਥਿਕ ਘਾਟਾ ਅਤੇ ਬਜਟ ਦੀ ਕਮੀ ਕਾਰਨ ਲੀਹੋਂ ਉਖੜੀ ਦਿਖਾਈ ਦਿੰਦੀ ਹੈ। ਪੰਜਾਬ, ਪੰਜਾਬੀ, ਪੰਜਾਬੀਅਤ ਦੀ ਖੋਜ ਅਤੇ ਵਿਕਾਸ ਇਸਦੇ ਉਦੇਸ਼ ਹਨ। ਇਸਨੂੰ ਪ੍ਰਾਪਤ ਕਰਨ ਲਈ ਇਸ ਨਾਲ ਜੁੜੇ ਸਰੋਤਾਂ/ਤੱਤਾਂ ਨੂੰ ਮੁੜ ਨਵੇਂ ਸਿਰਿਓਂ ਰਾਹ 'ਤੇ ਲਿਆਉਣ ਦਾ ਹੀਲਾ ਕਰਨਾ ਚਾਹੀਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਵੀ ਵਰਤਮਾਨ 'ਚ ਨਵੇਂ ਕਾਇਆਂਤ੍ਰਣ ਦੀ ਲੋੜ ਹੈ ਕਿਉਂਕਿ ਪੰਜਾਬ 'ਚ ਹੁਣ ਨਵੇਂ ਖੇਤੀ ਸੁਧਾਰਾਂ ਦੀ ਲੋੜ ਹੈ ਜਿਸ ਨਾਲ ਖੇਤੀਕਰਨ ਦੇ ਬਿਲਕੁਲ ਨਵੇਂ ਤੇ ਵਿਭਿੰਨ ਆਯਾਮ ਸਾਹਮਣੇ ਆਉਣੇ ਹੀ ਆਉਣੇ ਹਨ।

ਪੰਜਾਬ ਦੀ ਪ੍ਰਾਇਮਰੀ ਸਿੱਖਿਆ ਦੀ ਹਾਲਤ ਬੜੀ ਨਾਜ਼ੁਕ ਹੈ। ਸਰਕਾਰੀ ਸਕੂਲਾਂ 'ਚ ਤਕਰੀਬਨ 24 ਲੱਖ ਵਿਦਿਆਰਥੀ ਪੜ੍ਹਦੇ ਹਨ ਜਿਨ੍ਹਾਂ ਦਾ ਪਿਛੋਕੜ ਨਿਮਨ ਅਤੇ ਨਿਮਨ ਮੱਧਵਰਗ ਦਾ ਹੈ ਭਾਵ ਸਾਰੇ ਗ਼ਰੀਬ ਘਰਾਂ ਦੇ ਵਿਦਿਆਰਥੀ ਹਨ। ਸਰਕਾਰੀ ਸਕੂਲਾਂ 'ਚ ਪੜ੍ਹਨਾ ਉਨ੍ਹਾਂ ਦੀ ਮਜਬੂਰੀ ਹੈ ਕਿਉਂਕਿ ਤਥਾਕਥਿਤ ਕਾਨਵੈਂਟ ਅਤੇ ਨਿੱਜੀ ਸਕੂਲਾਂ ਦੀ ਫੀਸ ਦਾ ਭਾਰ ਉਨ੍ਹਾਂ ਦੇ ਮਾਪੇ ਨਹੀਂ ਚੁੱਕ ਸਕਦੇ। ਸਰਕਾਰੀ ਸਕੂਲਾਂ ਦਾ ਹਾਲ ਇਹ ਹੈ ਕਿ ਅਧਿਆਪਕਾਂ ਦੀ ਬੜੀ ਕਮੀ ਹੈ। ਇਕ-ਇਕ ਅਧਿਆਪਕ ਨੂੰ ਕਈ ਕਈ ਵਿਸ਼ੇ ਅਤੇ ਨਿਸਚਿਤ ਸੰਖਿਆ ਤੋਂ ਕਿਤੇ

ਵੱਧ ਬੱਚਿਆਂ ਨੂੰ ਪੜ੍ਹਾਉਣਾ ਪੈਂਦਾ ਹੈ। ਪੜ੍ਹਾਉਣ ਦੇ ਨਾਲ ਨਾਲ ਉਸਨੂੰ ਕਈ ਗ਼ੈਰ-ਵਿਦਿਅਕ ਕੰਮਾਂ ਨੂੰ ਵੀ ਨੇਪਰੇ ਚਾੜ੍ਹਨਾ ਪੈਂਦਾ ਹੈ। ਪਿਛਲੇ ਲੰਮੇ ਸਮੇਂ ਤੋਂ ਅਧਿਆਪਕਾਂ ਅਤੇ ਗ਼ੈਰ ਅਧਿਆਪਨ ਕਰਮਚਾਰੀਆਂ ਦੀ ਭਰਤੀ ਨਹੀਂ ਹੋਈ। ਸਕੂਲਾਂ ਦੀਆਂ ਇਮਾਰਤਾਂ ਜ਼ਰਜ਼ਰ ਹਾਲਤ 'ਚ ਹਨ। ਜੇ ਕਿਤੇ ਚੰਗੀਆਂ ਇਮਾਰਤਾਂ ਹਨ ਤਾਂ ਉਹ ਸਿਰਫ਼ ਰੰਗ ਰੋਗਨ ਕਾਰਨ ਹੀ ਸੁੰਦਰ ਦਿਖਾਈ ਦਿੰਦੀਆਂ ਹਨ। ਕੰਧਾਂ 'ਤੇ ਸਦ-ਵਿਚਾਰ ਅਤੇ ਮਹਾਨ ਵਿਚਾਰ ਵੱਡੇ-ਵੱਡੇ ਅੱਖਰਾਂ 'ਚ ਲਿਖੇ ਦਿਖਾਈ ਦੇ ਜਾਣਗੇ ਪਰ ਪੜ੍ਹਾਈ ਨਾਲ ਜੁੜੀਆਂ ਗਤੀਵਿਧੀਆਂ ਨਾ-ਮਾਤਰ ਹੀ ਦਿਖਾਈ ਦਿੰਦੀਆਂ ਹਨ। ਜੇ ਇਹ ਗਤੀਵਿਧੀਆਂ ਹੈਨ ਵੀ ਤਾਂ ਉਨ੍ਹਾਂ ਦਾ ਮਿਆਰ ਬਹੁਤ ਹੀ ਮਾੜਾ ਹੈ। ਇਸ ਦਾ ਕਾਰਨ ਹੈ ਕਿ ਅਧਿਆਪਕਾਂ ਦੀ ਨਿਰੰਤਰ ਤਿੱਖੀ ਕਮੀ ਪਿਛਲੇ ਕਈ ਵਰ੍ਹਿਆਂ ਤੋਂ ਬਣੀ ਹੋਈ ਹੈ। ਪੰਜਾਬ ਦੇ ਜੇਕਰ ਚੰਗੇ ਭਵਿੱਖ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਤਾਂ ਇਸ ਦਾ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਦਾ ਸਿੱਖਿਆ ਤੰਤਰ ਮਜ਼ਬੂਤ, ਪਾਏਦਾਰ, ਭਰੋਸੇਯੋਗ ਅਤੇ ਵਸੀਹ ਕਰਨਾ ਪਵੇਗਾ ਜਿੱਥੇ ਗੁਣਾਤਮਕ ਵਿੱਦਿਆ ਦਾ ਪ੍ਰਬੰਧ ਹੋਵੇ। ਤਾਂ ਕਿ ਇਨ੍ਹਾਂ ਸਕੂਲਾਂ ਵਿਚ ਚੰਗੀਆਂ ਤੇ ਨਿਪੁੰਨ ਲਿਖਤ, ਬੋਲਣ ਅਤੇ ਗਣਿਤ ਯੋਗਤਾਵਾਂ ਦੇ ਆਧਾਰ ਵਾਲੇ ਵਿਦਿਆਰਥੀ ਪੈਦਾ ਹੋਣ ਜੋ ਅੱਗੇ ਜਾ ਕੇ ਉੱਚ-ਵਿੱਦਿਆ ਗ੍ਰਹਿਣ ਕਰਕੇ ਪੰਜਾਬ ਦੇ ਗਿਆਨ ਦੀ ਸੂਚੀਕ੍ਰਮ ਨੂੰ ਉੱਚਾ ਕਰ ਸਕਣ।

ਪੰਜਾਬ ਵਿਚ ਸਰਕਾਰੀ ਸਿੱਖਿਆ ਤੰਤਰ ਕਮਜ਼ੋਰ ਹੋਣ ਕਾਰਨ ਸਿੱਖਿਆ ਦੇ ਮਿਆਰ 'ਚ ਗਿਰਾਵਟ ਆਈ ਹੈ। ਪੰਜਾਬ ਵਿਚ ਪ੍ਰਾਇਮਰੀ ਸਕੂਲਾਂ ਦੀ ਗਿਣਤੀ 13765, ਮਿਡਲ ਸਕੂਲ 5094, ਹਾਈ ਸਕੂਲ 4394, ਸੀਨੀਅਰ ਸਕੈਂਡਰੀ ਸਕੂਲ 5267 ਹਨ। ਸਰਕਾਰੀ ਕਾਲਜਾਂ ਦੀ ਗਿਣਤੀ 59 ਹੈ। ਇਨ੍ਹਾਂ ਸਾਰਿਆਂ 'ਚ ਪੜ੍ਹਾਈ ਦੇ ਮਿਆਰ ਡਿੱਗਣ ਦਾ ਕਾਰਨ ਸਰਕਾਰ ਦੀ ਅਣਗਹਿਲੀ ਹੈ। ਇਸ ਅਣਗਹਿਲੀ ਕਾਰਨ ਲੰਮੇ ਸਮੇਂ ਤੋਂ ਅਧਿਆਪਕਾਂ ਦੀਆਂ ਭਰਤੀਆਂ ਨਹੀਂ ਹੋਈਆਂ। ਵਿਦਿਆਰਥੀਆਂ ਦੀ ਗਿਣਤੀ ਦੇ ਮੁਕਾਬਲੇ ਅਧਿਆਪਕਾਂ ਦੀ ਕਮੀ ਹੈ। ਪੰਜਾਬ 'ਚ ਸਿੱਖਿਆ ਦੇ ਖੇਤਰ 'ਚ ਆਈ ਗਿਰਾਵਟ ਦਾ ਹੋਰ ਕਾਰਨ ਸਿੱਖਿਆ ਦਾ ਨਿੱਜੀਕਰਨ ਹੋਣਾ ਹੈ। ਇਸ ਕਾਰਨ ਨਿੱਜੀ ਅਦਾਰਿਆਂ ਤੇ ਯੂਨੀਵਰਸਿਟੀਆਂ 'ਚ ਸਿੱਖਿਆ ਦੇ ਮਿਆਰ ਨੂੰ ਕਾਇਮ ਨਾ ਰੱਖਣ ਕਾਰਨ ਇਨ੍ਹਾਂ 'ਚੋਂ ਪੜ੍ਹਿਆ ਪੰਜਾਬੀ ਵਿਦਿਆਰਥੀ ਕਿਸੇ ਵੀ ਸਰਕਾਰੀ ਨੌਕਰੀ ਦੇ ਇਮਤਿਹਾਨ 'ਚ ਅਸਫ਼ਲ ਹੋਣ ਲੱਗਾ ਹੈ। ਉਹ ਅਰਧ ਪੜ੍ਹਿਆ-ਲਿਖਿਆ ਹੋਣ ਕਾਰਣ ਹੱਥੀਂ ਕੰਮ ਕਰਨ ਤੋਂ ਵੀ ਪ੍ਰਹੇਜ਼ ਕਰਨ ਲੱਗਾ ਹੈ। ਇਸ ਸਥਿਤੀ 'ਚੋਂ ਬਾਹਰ ਨਿਕਲਣ ਦਾ ਹੱਲ ਉਸਨੂੰ ਬਾਹਰਲੇ ਦੇਸ਼ਾਂ 'ਚ ਪਲਾਇਨ 'ਚ ਲੱਭਾ। ਇਸ ਕਾਰਣ ਪੰਜਾਬੀ ਨੌਜਵਾਨ ਪੱਛਮੀ ਦੇਸ਼ਾਂ 'ਚ ਕਾਨੂੰਨੀ ਗ਼ੈਰ-ਕਾਨੂੰਨੀ ਢੰਗ ਨਾਲ ਜਾਣ ਦੀ ਮਿਰਾਜ਼ 'ਚ ਫਸ ਕੇ ਰਹਿ ਗਿਆ। ਅੱਜ ਪੰਜਾਬ 'ਚ ILETS ਅਤੇ TOFEL ਦੇ ਨੌਂ ਹਜ਼ਾਰ ਟ੍ਰੇਨਿੰਗ ਸੈਂਟਰ ਖੁੱਲ੍ਹ ਗਏ ਹਨ। ਪੰਜਾਬੀ ਨੌਜਵਾਨਾਂ (ਸਾਲ 'ਚ ਲਗਭਗ ਲੱਖ ਤੋਂ ਡੇਢ ਲੱਖ ਵਿਦਿਆਰਥੀ ਅਤੇ ਹਰ ਕੇਸ 'ਚ ਕਰੋੜ ਤੋਂ ਲੈ ਕੇ ਸਵਾ ਕਰੋੜ ਰੁਪਏ) ਦੇ ਪਰਵਾਸ ਕਾਰਨ ਪੰਜਾਬ ਦੇ ਪੂੰਜੀ ਅਤੇ ਮਨੁੱਖੀ ਸਰੋਤਾਂ ਦਾ ਬਾਹਰਲੇ ਦੇਸ਼ਾਂ 'ਚ ਕਿੰਨੇ ਵੱਡੇ ਪੱਧਰ ਦਾ ਬੇਬਹਾ ਬਹਾਓ (Drain) ਹੋ ਰਿਹਾ ਹੈ, ਜੋ ਕਿ ਇਕ ਵੱਡੀ ਚੁਣੌਤੀ ਹੈ। ਇਸ ਨੂੰ ਰੋਕਣ ਦਾ ਇਕੋ ਇਕ ਹੱਲ ਹੈ ਪੰਜਾਬ ਦੇ ਸਿੱਖਿਆ ਖੇਤਰ ਨੂੰ ਮੁੜ ਮਜ਼ਬੂਤ ਬਣਾਉਣਾ ਅਤੇ ਨਵੀਂ ਪੀੜ੍ਹੀ ਨੂੰ ਚੰਗੇਰੀ ਵਿਦਿਆ ਪ੍ਰਦਾਨ ਕਰ ਕੇ ਉਸਨੂੰ ਕੌਮੀ-ਕੌਮਾਂਤਰੀ ਪੱਧਰ ਦੀਆਂ ਪ੍ਰਤੀਯੋਗਤਾਵਾਂ 'ਚ ਸਫ਼ਲ ਹੋਣ ਯੋਗ ਬਣਾਇਆ ਜਾ ਸਕੇ। ਇਸ ਨਾਲ ਹੀ ਪੰਜਾਬ 'ਚ ਬੇਰੋਜ਼ਗਾਰੀ, ਨਿਮਨ-ਊਣੀ ਰੋਜ਼ਗਾਰੀ ਦਾ ਅੰਤ ਹੋਵੇਗਾ।

ਪੰਜਾਬ ਦੀਆਂ ਸਿਹਤ ਸੰਸਥਾਵਾਂ ਦੀ ਸਿਹਤ ਵੀ ਬੜੀ ਬੀਮਾਰ ਹਾਲਤ 'ਚ ਹੈ। ਸਿਹਤ ਖੇਤਰ ਦਾ ਵਿਪਾਰੀਕਰਨ ਜਾਂ ਕਾਰਪੋਰੇਟੀਕਰਨ ਇਸ ਦਾ ਕੋਈ ਹੱਲ ਨਹੀਂ। ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਿਘਾਰ ਦੀ ਜਿੱਲ੍ਹਣ 'ਚ ਫਸੇ ਸਿਹਤ ਵਿਭਾਗ ਦਾ ਪੁਨਰ ਨਿਰਮਾਣ ਕਰੇ ਤਾਂ ਕਿ ਆਮ ਆਦਮੀ ਦੀ ਸਸਤੇ, ਸਹੀ ਅਤੇ ਸੁਗੜ ਇਲਾਜ ਤਕ ਪਹੁੰਚ ਹੋ ਸਕੇ। ਵਰਤਮਾਨ ਦੌਰ 'ਚ ਆਏ ਕਰੋਨਾ ਮਹਾਮਾਰੀ ਦੇ ਵਿਸ਼ਵ-ਵਿਆਪੀ ਸੰਕਟ ਸਿਹਤ ਖੇਤਰ 'ਚ ਵੱਡੀਆਂ ਚੁਣੌਤੀਆਂ ਲਿਆਂਦੀਆਂ ਹੈ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਪੰਜਾਬ ਦੇ ਸਿਹਤ ਵਿਭਾਗ ਦਾ ਪੁਨਰ-ਗਠਨ ਕਰ ਕੇ ਨਵਾਂ ਜੀਵਨ ਦੇਣ ਦੀ ਸਖ਼ਤ ਲੋੜ ਹੈ। ਪੰਜਾਬ 'ਚ ਸੱਤਰਵਿਆਂ-ਅੱਸੀਵੀਆਂ 'ਚ 'ਪੰਜਾਬ ਸਿਵਲ ਮੈਡੀਕਲ ਸਰਵਿਸ' (PCMS) ਅਧੀਨ ਪ੍ਰਾਇਮਰੀ ਹੈੱਲਥ ਸੈਂਟਰ ਬੜੀ ਚੰਗੀ ਤਰ੍ਹਾਂ ਚਲਾਏ ਜਾ ਰਹੇ ਸਨ ਪਰ ਅੱਤਵਾਦ ਦੌਰਾਨ ਇਨ੍ਹਾਂ ਦੇ ਰੱਖ ਰਖਾਵ 'ਤੇ ਵੀ ਅਜਿਹੀ ਵੱਡੀ ਮਾਰ ਪਈ ਕਿ ਜਿਸ ਕਾਰਨ ਪੈਦਾ ਹੋਏ ਨਿਘਾਰ 'ਚੋਂ ਇਹ ਅੱਜ ਤਕ ਨਹੀਂ ਨਿਕਲ ਸਕੇ। ਇਸ ਵਿਚ ਵੀ ਪਿਛਲੇ ਲੰਮੇ ਸਮੇਂ ਤੋਂ ਡਾਕਟਰਾਂ ਦੀ ਭਰਤੀ ਨਹੀਂ ਹੋਈ। ਜੇ ਹੋਈ ਵੀ ਹੈ ਤਾਂ ਉਹ ਠੇਕੇ 'ਤੇ ਹੋਈ ਹੈ ਜਿਸ ਵਿਚ ਡਾਕਟਰਾਂ ਦੀ ਤਨਖ਼ਾਹ ਬਹੁਤ ਨਿਗੂਣੀ ਹੈ ਅਤੇ ਸੇਵਾ ਸੁਰੱਖਿਆ ਦਾ ਤੱਤ ਵੀ ਗ਼ੈਰ-ਹਾਜ਼ਿਰ ਹੈ। ਪੰਜਾਬ 'ਚ ਹੈਲਥ ਸੈਕਟਰ ਦਾ ਉਦਾਰ


**www.sanvad.org**
ISSN : 2395-1273

ਕਾਰਪੋਰੇਟੀਕਰਨ 'ਚ ਨਹੀਂ ਬਲਕਿ ਸਰਕਾਰੀ ਨੀਤੀਆਂ 'ਚ ਸੁਧਾਰ ਲਿਆ ਕੇ ਕੀਤਾ ਜਾਣਾ ਚਾਹੀਦਾ ਹੈ। ਹੈਲਥ ਬਜਟ 'ਚ ਵਾਧੂ ਪ੍ਰਾਵਧਾਨ ਰੱਖ ਕੇ ਵੱਡੇ ਸੁਧਾਰ ਲਿਆਉਣੇ ਜ਼ਰੂਰੀ ਹਨ ਤਾਂ ਕਿ ਗ਼ਰੀਬ ਮਰੀਜ਼ਾਂ ਦੀ ਚੰਗੇ ਇਲਾਜ ਤਕ ਰਸਾਈ ਹੋ ਸਕੇ। ਪੰਜਾਬ ਵਿਚ ਕਰੋਨਾ ਕਾਲ ਤੋਂ ਬਾਅਦ ਪੰਜਾਬੀ ਬੰਦੇ ਦੀ ਜੀਵਨ ਵਿਧੀ ਅਤੇ ਸੋਚਣ ਸਮਝਣ ਦੇ ਢੰਗਾਂ ਤਰੀਕਿਆਂ 'ਚ ਕੀ ਪੈਰਾਡਾਇਮ ਸ਼ਿਫਟ ਲਿਆਉਣੀ ਹੈ, ਦਾ ਵੀ ਪੰਜਾਬ ਨਾਲ ਜੁੜੇ ਸਾਰੇ ਜੀਵਨ ਸਾਰੇ ਪਾਸਾਰਾਂ 'ਤੇ ਕੀ ਅਸਰ ਪੈਣਾ ਹੈ, ਉਸ ਬਾਰੇ ਹਾਲ ਦੀ ਘੜੀ ਕਿਹਾ ਤਾਂ ਕੁਝ ਨਹੀਂ ਜਾ ਸਕਦਾ ਬਲਕਿ ਇਸ ਬਾਰੇ ਤਾਂ ਅਜੇ ਉਡੀਕ ਹੀ ਕੀਤੀ ਜਾ ਸਕਦੀ ਹੈ।

ਪੰਜਾਬ 'ਚ ਆਵਾਜਾਈ ਅਤੇ ਮਾਲ ਢੁਆਈ ਲਈ ਸੜਕਾਂ ਦੇ ਜਾਲ਼ ਦੀ ਸਮਾਜ ਅਤੇ ਸੂਬੇ ਦੀ ਆਰਥਿਕ ਸਿਹਤ ਕਾਇਮ ਰੱਖਣ 'ਚ ਬੜੀ ਵੱਡੀ ਭੂਮਿਕਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਵਿਚ ਸੜਕਾਂ ਦੀ ਜਾਲ਼-ਸੰਰਚਨਾ ਬੜੀ ਵਿਸ਼ਾਲ ਅਤੇ ਵਿਸਤ੍ਰਿਤ ਰੂਪ 'ਚ ਹੋਈ। ਵਰਤਮਾਨ ਕੌਮੀ ਸ਼ਾਹਰਾਹਾਂ 3639.682 ਕਿ.ਮੀ., ਰਾਜ ਸ਼ਾਹਰਾਹਾਂ 847.81 ਕਿ.ਮੀ., ਜ਼ਿਲ੍ਹਿਆਂ ਨੂੰ ਮੁੱਖ ਨਗਰਾਂ ਨਾਲ ਜੋੜਦੀਆਂ ਸੜਕਾਂ 5179.85 ਕਿ.ਮੀ. ਹਨ। ਪਿੰਡਾਂ ਦੀਆਂ ਲਿੰਕ ਸੜਕਾਂ ਦੀ ਲੰਬਾਈ 64878 ਕਿ.ਮੀ. ਹੈ ਜਿਨ੍ਹਾਂ ਨੂੰ ਬਣਾਉਣ ਅਤੇ ਰੱਖ-ਰਖਾਵ ਦੀ ਜ਼ਿੰਮੇਵਾਰੀ ਏ.ਪੀ.ਐਮ.ਸੀ. ਐਕਟ ਅਧੀਨ ਮੰਡੀਕਰਨ-ਮਾਰਕੀਟ ਕਮੇਟੀਆਂ ਕੋਲ਼ ਹੈ। ਜੇਕਰ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨ ਲਾਗੂ ਹੋ ਜਾਂਦੇ ਤਾਂ ਮਾਰਕੀਟ ਕਮੇਟੀਆਂ ਦੇ ਖ਼ਤਮ ਹੋਣ ਦਾ ਖ਼ਤਰਾ ਪੈਦਾ ਹੋ ਜਾਣਾ ਸੀ ਜਿਸਦਾ ਸਿੱਧਾ ਅਸਰ ਪੇਂਡੂ ਲਿੰਕ ਸੜਕਾਂ 'ਤੇ ਪੈਣਾ ਸੀ ਜਿਨ੍ਹਾਂ ਨੂੰ ਪੰਜਾਬ ਦੀ ਖੇਤੀ/ਪੇਂਡੂ ਆਰਥਿਕਤਾ ਦੀਆਂ ਲਹੂ-ਰਗ਼ਾਂ ਕਿਹਾ ਜਾਂਦਾ ਹੈ। ਪਬਲਿਕ-ਪ੍ਰਾਈਵੇਟ ਪਾਰਟੀਸੀਪੇਸ਼ਨ ਸਕੀਮ ਅਧੀਨ ਨੈਸ਼ਨਲ ਹਾਈਵੇ ਅਥਾਰਟੀ ਨੇ ਕਈ ਕੌਮੀ ਅਤੇ ਸੂਬਾਈ ਸ਼ਾਹਰਾਹਾਂ ਦਾ ਨਿਰਮਾਣ ਕੀਤਾ ਹੈ ਪਰ ਇਨ੍ਹਾਂ ਦੇ ਕੰਟਰੈਕਟ ਦਾ ਸਮਾਂ ਖ਼ਤਮ ਹੋਣ ਬਾਅਦ ਇਨ੍ਹਾਂ ਦਾ ਰੱਖ ਰਖਾਵ ਕੌਣ ਰੱਖੇਗਾ ਇਸ ਮਸਲੇ 'ਤੇ ਅਗਾਊਂ ਵਿਚਾਰ ਕਰਕੇ ਕੋਈ ਠੋਸ ਨੀਤੀ ਤਿਆਰ ਕਰ ਲਈ ਜਾਣੀ ਚਾਹੀਦੀ ਹੈ।

ਪੰਜਾਬ ਕੋਲ 14000 ਮੈਗਾਵਾਟ ਬਿਜਲੀ ਦੇ ਟ੍ਰਾਂਸਮਿਸ਼ਨ ਸਿਸਟਮ ਦੇ ਸਾਧਨ ਹਨ ਪਰ ਵਰਤਮਾਨ ਬਿਜਲੀ ਦੀ ਮੰਗ ਇਸ ਤੋਂ ਕਿਤੇ ਜ਼ਿਆਦਾ ਵਧ ਗਈ ਹੈ। ਪੰਜਾਬ ਬਿਜਲੀ ਗਰਿੱਡ ਵਿਚ ਹੈ ਪਰ 7500 ਮੈਗਾਵਾਟ ਤੋਂ ਵੱਧ ਬਿਜਲੀ ਬਾਹਰੋਂ ਨਹੀਂ ਲਿਆਂਦੀ ਜਾ ਸਕਦੀ ਹੈ। ਅੱਜ 15000 ਮੈਗਾਵਾਟ ਦੀ ਅਸੀਮਤ ਮੰਗ ਇਸ ਲਈ ਹੈ ਕਿ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਮਿਲਦੀ ਹੈ। ਜਿਵੇਂ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਿਆ ਤਾਂ ਕਿਸਾਨਾਂ ਨੇ ਉਪਰ ਪਾਣੀ ਖਿੱਚਣ ਲਈ ਉੱਚ ਬੀ ਐੱਚ ਪੀ ਦੀਆਂ ਮੋਟਰਾਂ ਲਗਾ ਲਈਆਂ ਹਨ। ਇਸ ਨਾਲ ਬਿਜਲੀ ਦੀ ਮੰਗ 'ਚ ਸਿਖਰੀ ਵਾਧਾ ਹੋਇਆ ਹੈ। ਪੰਜਾਬ 'ਚ ਬਿਜਲੀ ਦੀਆਂ ਦਰਾਂ ਮਹਿੰਗੀਆਂ ਹੋਣ ਦਾ ਕਾਰਨ ਪੰਜਾਬ ਸਰਕਾਰ ਦੀਆਂ ਗ਼ਲਤ ਨੀਤੀਆਂ ਹਨ ਜੋ ਕਿ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਿਜਲੀ ਦੇ ਨਿੱਜੀ ਖੇਤਰ ਵੱਲੋਂ ਕੀਤੇ ਜਾ ਰਹੇ ਬਿਜਲੀ ਉਤਪਾਦਨ ਦੇ ਸਹਾਰੇ ਛੱਡ ਦਿੱਤਾ ਹੈ। 'PSPCL' ਨੂੰ ਨਿੱਜੀ ਥਰਮਲ ਪਲਾਂਟਾਂ ਨੂੰ ਨਿਸਚਿਤ ਦੇਣਦਾਰੀ ਦੇਣੀ ਹੀ ਪੈਂਦੀ ਹੈ ਭਾਵੇਂ ਕਿ ਉਹ ਬਿਜਲੀ ਦੀ ਖ਼ਪਤ ਕਰੇ ਜਾਂ ਨਾ। ਲਿਹਾਜ਼ਾ ਇਹ ਰਾਸ਼ੀ ਉਪਭੋਗਤਾ ਕੋਲੋਂ ਰੈਗੂਲੇਟਰ ਵੱਲੋਂ ਮਿੱਥੇ ਜਾਂਦੇ ਬਿਜਲੀ ਟੈਰਿਫ ਦੇ ਰੂਪ 'ਚ ਵਸੂਲ ਕੀਤੀ ਜਾਂਦੀ ਹੈ। ਸਰਦ ਰੁੱਤ 'ਚ ਜਦੋਂ ਬਿਜਲੀ ਮੰਗ ਘਟ ਜਾਂਦੀ ਹੈ ਨਿੱਜੀ ਪਲਾਂਟਾਂ ਨੂੰ ਬਿਜਲੀ ਵਾਪਸੀ ਦੇ ਏਵਜ਼ 'ਚ ਮਿੱਥੀ ਰਾਸ਼ੀ ਤਾਰਨੀ ਪੈਂਦੀ ਹੈ। ਪੰਜਾਬ ਕੋਲ ਬੜੀ ਖ਼ਾਸ 'ਭਾਰ ਝੁੱਕ' (Load Curve) ਹੈ ਜੋ ਸਰਦੀਆਂ 'ਚ 5000-6000 ਮੈਗਾਵਾਟ ਤੋਂ ਲੈ ਕੇ ਗਰਮੀਆਂ 'ਚ 10000-15000 ਮੈਗਾਵਾਟ ਵਿਚਾਲੇ ਡੋਲਦੀ ਰਹਿੰਦੀ ਹੈ। ਸਰਕਾਰੀ ਪਲਾਂਟ ਉਦੋਂ ਹੀ ਚਲਾਏ ਜਾਂਦੇ ਹਨ ਜਦੋਂ ਬਿਜਲੀ ਦੀ ਮੰਗ 9000 ਮੈਗਾਵਾਟ ਤੋਂ ਵਧ ਜਾਂਦੀ ਹੈ। ਇਹ ਮੰਗ ਸਾਲ 'ਚ ਬੜੇ ਥੋੜ੍ਹੇ ਚਿਰ ਲਈ ਪੈਦਾ ਹੁੰਦੀ ਹੈ। ਸਰਦੀਆਂ 'ਚ ਇਸ ਘਟੀ ਮੰਗ ਦੇ ਲਈ ਮਿੱਥੀ ਰਾਸ਼ੀ ਨੂੰ ਬਿਜਲੀ ਸਰੰਡਰ ਕੀਤੇ ਜਾਣ ਦੇ ਏਵਜ਼ ਵਜੋਂ ਨਿੱਜੀ ਪਲਾਂਟਾਂ ਨੂੰ ਦੇਣੀ ਪੈਂਦੀ ਹੈ। ਝੋਨੇ ਦੀ ਬਿਜਾਈ ਦੀ ਰੁੱਤ 'ਚ ਜਦੋਂ ਤਾਪਮਾਨ ਵੀ ਬਹੁਤ ਵਧ ਜਾਂਦਾ ਹੈ ਤਾਂ ਬਿਜਲੀ ਦੀ ਮੰਗ 14225 ਮੈਗਾਵਾਟ ਤਕ ਵਧ ਜਾਂਦੀ ਹੈ। ਪਰ ਉਪਭੋਗਤਾ ਨੂੰ ਕੇਵਲ 12800 ਮੈਗਾਵਾਟ ਹੀ ਬਿਜਲੀ ਮਿਲਦੀ ਹੈ। ਇਹ 1425 ਮੈਗਾਵਾਟ ਦਾ ਪਾੜਾ ਨਿਰੰਤਰ ਪਾਵਰ ਕੱਟਾਂ ਦਾ ਕਾਰਨ ਬਣਦਾ ਹੈ ਜੋ ਕਈ ਵਾਰ ਘਰੇਲੂ ਖੇਤਰ 'ਚ 14-14 ਘੰਟੇ ਤਕ ਪਹੁੰਚ ਜਾਂਦਾ ਹੈ। ਪੰਜਾਬ ਆਪਣੇ ਸਰੋਤਾਂ ਤੋਂ ਸਿਰਫ਼ 13653 ਮੈਗਾਵਾਟ ਬਿਜਲੀ ਦਾ ਉਤਪਾਦਨ ਕਰਦਾ ਹੈ। ਨਿੱਜੀ ਖੇਤਰ ਦੇ ਥਰਮਲ ਪਲਾਂਟ ਦੀ ਖਮਤਾ 3920 ਮੈਗਾਵਾਟ ਅਤੇ ਦੋ ਸਰਕਾਰੀ ਥਰਮਲ ਪਲਾਂਟਾਂ ਦੀ ਖਮਤਾ 1760 ਮੈਗਾਵਾਟ ਹੈ। ਹਾਈਡਰੋ ਬਿਜਲੀ ਉਤਪਾਦਨ 1018 ਮੈਗਾਵਾਟ ਹੈ ਅਤੇ ਸੂਰਜੀ ਊਰਜਾ ਸਰੋਤ 1359 ਮੈਗਾਵਟ ਬਿਜਲੀ ਹੀ ਉਤਪਾਦਨ ਕਰਦੇ ਹਨ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ 1161 ਮੈਗਾਵਾਟ ਬਿਜਲੀ ਪੈਦਾ ਕਰਦਾ ਹੈ। ਪੰਜਾਬ ਬਿਜਲੀ ਦੀ ਕਮੀ 4434 ਮੈਗਾਵਾਟ ਦੀ ਕਮੀ ਕੇਂਦਰੀ

ਸਰੋਤਾਂ ਤੋਂ ਪੂਰੀ ਕਰਦਾ ਹੈ। ਇਸ ਬਿਜਲੀ ਸੰਕਟ ਦਾ ਕਾਰਨ ਇਹ ਹੈ ਕਿ ਪੰਜਾਬ ਨੇ ਆਪਣੇ ਰਾਜ ਦੇ ਸਰਕਾਰੀ ਬਿਜਲੀ ਪਲਾਂਟਾਂ ਦੀ ਤਕਨੀਕੀ ਅਪਗਰੇਡੇਸ਼ਨ ਨਹੀਂ ਕੀਤੀ ਜਿਸ ਕਰ ਕੇ ਇਕ ਤਾਂਈਓਂ ਪੰਜਾਬੀਆਂ ਨੂੰ ਮਹਿੰਗੀ ਬਿਜਲੀ ਮਿਲ ਰਹੀ ਹੈ ਦੂਜਾ ਨਿੱਜੀ ਖੇਤਰ ਦੇ ਬਿਜਲੀ ਪਲਾਂਟਾਂ ਤੋਂ ਮਹਿੰਗੀ ਦਰ 'ਤੇ ਬਿਜਲੀ ਖ਼ਰੀਦਣੀ ਪੈ ਰਹੀ ਹੈ।

ਪੰਜਾਬ 'ਚ ਪ੍ਰਦੂਸ਼ਣ ਅਤੇ ਵਾਤਵਰਣ ਵਿਚ ਸੰਤੁਲਨ ਰੱਖਣ ਲਈ ਰੁੱਖਾਂ ਦੀ ਸਾਂਭ ਸੰਭਾਲ ਅਤੇ ਜੰਗਲਾਂ ਦਾ ਨਿਰੰਤਰ ਖ਼ਤਮ ਹੋਣਾ ਵੀ ਵੱਡਾ ਅਤੇ ਗੰਭੀਰ ਮਸਲਾ ਹੈ। ਪੰਜਾਬ ਦੇ ਕੁੱਲ ਰਕਬੇ 'ਚੋਂ ਸਿਰਫ਼ 3084 ਵਰਗ ਕਿ.ਮੀ. ਹੀ ਜੰਗਲਾਤ ਅਧੀਨ ਹੈ। ਇਨ੍ਹਾਂ ਵਿਚੋਂ 44 ਵਰਗ ਕਿ.ਮੀ. ਰਾਖਵੇਂ (Reserved), 1137 ਵਰਗ ਕਿ.ਮੀ. ਸੁਰੱਖਿਅਤ ਅਤੇ 1903 ਵਰਗ ਕਿ.ਮੀ. ਅਵਰਗੀਕ੍ਰਿਤ ਜੰਗਲਾਤ ਹਨ। ਕੁੱਲ ਜੰਗਲਾਤਾਂ ਵਿਚੋਂ 1239 ਵਰਗ ਕਿ.ਮੀ ਸਿਰਫ਼ ਕੰਡੀ ਖੇਤਰ ਭਾਵ ਪੰਜ ਜ਼ਿਲ੍ਹਿਆਂ ਜਿਵੇਂ ਮੁਹਾਲੀ, ਰੋਪੜ, ਨਵਾਂ ਸ਼ਹਿਰ, ਹੁਸ਼ਿਆਰਪੁਰ ਅਤੇ ਪਠਾਨਕੋਟ ਵਿਚ ਸਥਿਤ ਹਨ। ਇਹ ਸਾਰੇ ਆਂਕੜੇ ਇਸ ਗੱਲ ਦਾ ਸੰਕੇਤ ਹਨ ਕਿ ਪੰਜਾਬ ਵਿਚ ਪਿਛਲੇ ਵਰ੍ਹਿਆਂ 'ਚ ਗ਼ੈਰ-ਯੋਜਨਾਬੱਧ ਸ਼ਹਿਰੀਕਰਨ ਅਤੇ ਕਈ ਹੋਰ ਨਿੱਜੀ ਅਤੇ ਮਾਫ਼ੀਆਵਾਂ ਦੇ ਹਿੱਤਾਂ ਕਾਰਨ 'ਅ-ਰੁੱਖੀਕਰਨ' (deforestation) ਬੜੀ ਤੇਜ਼ੀ ਨਾਲ ਹੋਇਆ ਹੈ। ਜੰਗਲਾਂ ਦੀ ਮੁੜ-ਬੁਆਈ ਅਤੇ ਰੱਖ-ਰਖਾਵ ਵਿਚ ਵੀ ਬੜੀ ਤੇਜ਼ੀ ਨਾਲ ਨਿਘਾਰ ਆਇਆ ਹੈ। ਇਸ ਕਾਰਨ ਪੰਜਾਬ ਵਾਤਾਵਰਣਿਕ (Ecology) ਅਸੰਤੁਲਨ ਵੱਲ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਪੰਜਾਬ ਦੇ ਜੰਗਲਾਤਾਂ 'ਚ ਭੂਗੋਲਿਕੀ ਆਸਵਾਂਪਨ ਵੀ ਹੈ। ਜ਼ਿਆਦਾ ਤਰ ਜੰਗਲ ਕੰਡੀ ਜਾਂ ਦੁਆਬੇ 'ਚ ਹਨ ਜਦਕਿ ਮਾਝਾ ਤੇ ਮਾਲਵਾ ਜੰਗਲੀਕਰਨ ਦੀ ਗਤੀਵਿਧੀਆਂ 'ਚ ਬੜੇ ਪਿੱਛੇ ਹਨ। ਪੰਜਾਬ ਨੂੰ ਆਪਣੇ ਜੰਗਲਾਤ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਪੰਜਾਬ 'ਚ ਗੈਂਗਸਟਰਇਜ਼ਮ ਵੀ ਇਕ ਵੱਡਾ ਮਸਲਾ ਹੈ। ਇਸ ਦੀਆਂ ਤਹਿਆਂ 'ਚ ਕਈ ਸਮਾਜਕ, ਸਭਿਆਚਾਰਕ, ਆਰਥਿਕ ਅਤੇ ਪ੍ਰਸ਼ਾਸਨਿਕ/ਕਾਨੂੰਨ ਵਿਵਸਥਾ ਦੇ ਕਾਰਨ ਪਏ ਹਨ। ਅੱਜਕੱਲ੍ਹ ਪੰਜਾਬ ਵਿਚ ਪੁਲਿਸ ਮਿਸਲਾਂ ਅਨੁਸਾਰ 'ਏ' ਪ੍ਰਕਾਰ ਦੇ ਗੈਂਗਸਟਰਾਂ ਵਿਚੋਂ ਭਗੌੜੇ (6) ਜੇਲ੍ਹਾਂ ਵਿਚੋਂ ਗਤੀਸ਼ੀਲ (10) ਜੇਲ੍ਹਾਂ ਅੰਦਰ ਡੱਕੇ (13) ਹਨ ਜਦਕਿ 'ਬੀ' ਪ੍ਰਕਾਰ ਦੇ ਉਪਰੋਕਤ ਦਰਸਾਏ ਵਰਗਾਂ ਵਿਚ ਗੈਂਗਸਟਰਾਂ ਦੀ ਕ੍ਰਮਵਾਰ ਗਿਣਤੀ 6, 5, 37 ਹੈ ਅਤੇ ਬਾਕੀ ਦੇ 11 ਗੈਂਗਸਟਰ ਜ਼ਮਾਨਤਾਂ 'ਤੇ ਹਨ। ਪੰਜਾਬ ਦੀ ਗੈਂਗਸਟਰਇਜ਼ਮ ਦੀ ਸਮੱਸਿਆ ਸਿਰਫ਼ ਅਪਰਾਧ ਨਿਯੰਤਰਣ ਜਾਂ ਕਾਨੂੰਨ ਵਿਵਸਥਾ ਦੀ ਕਾਇਮੀ ਤਕ ਸੀਮਤ ਨਹੀਂ। ਇਨ੍ਹਾਂ ਗੈਂਗਸਟਰ ਅਪਰਾਧਿਕ ਗਤੀਵਿਧੀਆਂ 'ਚ ਸ਼ਾਮਿਲ ਨੌਜਵਾਨ ਵੀ ਸਹੀ ਰਾਹੋਂ ਇਸ ਲਈ ਭਟਕ ਗਏ ਪ੍ਰਤੀਤ ਹੁੰਦੇ ਹਨ ਕਿ ਸ਼ਾਇਦ ਕਿਤੇ ਇਨ੍ਹਾਂ ਦੀ ਸਮਾਜਕ, ਪਰਿਵਾਰਕ ਅਤੇ ਵਿਦਿਅਕ ਸਿੱਖਿਆ ਵਿਚ ਕਮੀ ਰਹਿ ਗਈ ਹੈ ਅਤੇ ਇਸ ਕਾਰਨ ਵਿੱਦਿਆ ਅਤੇ ਪਾਲਣ-ਪੋਸ਼ਣ ਵਿਚ ਵੱਡਾ ਖੱਪਾ ਪੈਦਾ ਹੋ ਗਿਆ। ਇਸ ਕਮੀ ਲਈ ਇਹ ਨੌਜਵਾਨ ਤਾਂ ਜ਼ਿੰਮੇਵਾਰ ਹੈਨ ਹੀ ਪੰਜਾਬ ਦੇ ਕਾਲ਼ੇ ਦੌਰ ਦੇ ਪੰਜਾਬ ਸੰਕਟ ਤੋਂ ਬਾਅਦ ਪੈਦਾ ਹੋਏ ਸਮਾਜਕ, ਸਭਿਆਚਰਕ, ਰਾਜਨੀਤਕ, ਸਿੱਖਿਅਕ ਸੰਸਥਾਵਾਂ ਅਤੇ ਸਰਕਾਰੀ ਤੰਤਰ ਅਤੇ ਪੁਲਿਸ ਦੀਆਂ ਬੁਨਿਆਦੀ ਬਣਤਰਾਂ/ਢੰਗਾਂ ਅਤੇ ਕਾਰਜ ਪ੍ਰਣਾਲੀਆਂ 'ਚ ਆਇਆ ਤਿੱਖਾ ਨਿਘਾਰ ਵੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਅੱਜ ਇਨ੍ਹਾਂ ਭਟਕੇ ਨੌਜਵਾਨਾਂ ਨੂੰ ਕੌਂਸਲਿੰਗ ਕਰਕੇ ਅਤੇ ਸਮਝਾ ਬੁਝਾਅ ਕੇ ਮੁੱਖ ਧਾਰਾ ਵਿਚ ਲਿਆਉਣਾ ਹੀ ਸਹੀ ਹੱਲ ਪ੍ਰਤੀਤ ਹੁੰਦਾ ਹੈ। ਜਿਹੜੇ ਨੌਜਵਾਨ ਆਦਤਨ ਅਪਰਾਧੀ ਹਨ ਉਨ੍ਹਾਂ 'ਤੇ ਬਣਦੀ ਪੁਲਿਸ ਤੇ ਕਾਨੂੰਨੀ ਕਾਰਵਾਈ ਕਰ ਉੱਚਿਤ ਸਜ਼ਾਵਾਂ ਦਿਵਾਈਆਂ ਜਾਣ ਅਤੇ ਬਾਅਦ 'ਚ ਇਨ੍ਹਾਂ ਨੂੰ ਸੁਧਰਣ ਦਾ ਮੌਕਾ ਦਿੱਤਾ ਜਾਵੇ। ਇਸ ਦੇ ਨਾਲ-ਨਾਲ ਇਕ ਹੋਰ ਮਸਲਾ 'ਪੁਲਿਸ ਦਾ ਰਾਜਨੀਤੀਕਰਨ' ਅਤੇ 'ਰਾਜਨੀਤੀ ਦੇ ਅਪਰਾਧੀਕਰਨ' ਦਾ ਹੈ। ਇਸ ਉਪਰ ਵੀ ਪੰਜਾਬ ਦੇ ਸਾਰੇ ਹਲਕਿਆਂ ਜਿਵੇਂ ਅਕਾਦਮਿਕ, ਬੁੱਧੀਜੀਵੀ, ਸਮਾਜ ਸੇਵੀ, ਸਿਵਿਲ ਸੁਸਾਇਟੀ ਪਿੜਾਂ, ਅਫ਼ਸਰਸ਼ਾਹੀ, ਪੁਲਿਸ ਉੱਚ ਅਧਿਕਾਰੀਆਂ ਅਤੇ ਰਾਜੀਨਤੀਵਾਨਾਂ ਵਿਚਕਾਰ ਸਮੁੱਚੀ ਅਤੇ ਵਿਸਤ੍ਰਿਤ ਬਹਿਸ ਹੋਣੀ ਚਾਹੀਦੀ ਹੈ ਤਾਂ ਕਿ ਇਸ ਸਮੱਸਿਆ ਨੂੰ ਠੱਲ ਪਾਈ ਜਾ ਸਕੇ। ਅਮਰੀਕਾ ਦੇ ਨਿਊਯਾਰਕ ਸ਼ਹਿਰ 'ਚ ਇਸ ਤਰ੍ਹਾਂ ਦਾ ਪ੍ਰਯੋਗ ਕੁੱਝ ਵਰ੍ਹੇ ਪਹਿਲਾਂ ਹੋ ਚੁੱਕਾ ਹੈ ਜਿਸ ਨਾਲ ਉਨ੍ਹਾਂ ਮਨਹੱਟਨ ਸ਼ਹਿਰ 'ਚ ਗੈਂਗਸਟਰਇਜ਼ਮ ਦੀ ਗੰਭੀਰ ਸਮੱਸਿਆ ਨੂੰ ਨਿਯੰਤ੍ਰਿਤ ਕੀਤਾ ਗਿਆ।

ਪੰਜਾਬ ਸਰਹੱਦੀ ਸੂਬਾ ਹੈ। ਪਾਕਿਸਤਾਨ ਨਾਲ ਇਸ ਦੀ 553 ਕਿ.ਮੀ. ਲੰਮੀ ਸਰਹੱਦ ਹੈ। ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ ਪੰਜਾਬ ਦੀ ਸ਼ਾਂਤ ਸਥਿਤੀ ਨੂੰ ਭੰਗ ਕਰਨ ਲਈ ਉਹ ਕਈ ਤਰ੍ਹਾਂ ਦੇ ਹੱਥ ਕੰਡੇ ਆਪਣਾਉਂਦੀ ਰਹੀ ਹੈ। ਇਨ੍ਹਾਂ ਵਿਚ ਹੀਰੋਇਨ, ਹਥਿਆਰਾਂ ਅਸਲੇ ਅਤੇ ਵਿਸਫੋਟਕ ਪਦਾਰਥਾਂ/ਜੁਗਤਾਂ ਦੀ ਤਸਕਰੀ ਹੈ ਤਾਂ ਕਿ ਸਮਾਜ ਵਿਰੋਧੀ ਤੱਤਾਂ ਨੂੰ ਵਰਗਲਾ ਕੇ ਇਨ੍ਹਾਂ ਦਾ ਇਸਤੇਮਾਲ ਅੱਤਵਾਦੀ, ਖਾੜਕੂ ਅਤੇ


**www.sanvad.org**
ISSN : 2395-1273

ਅਪਰਾਧਿਕ ਗਤੀਵਿਧੀਆਂ ਲਈ ਕੀਤਾ ਜਾਵੇ। ਇਨ੍ਹਾਂ ਚੁਣੌਤੀ ਭਰਪੂਰ ਸਮੱਸਿਆਵਾਂ ਨਾਲ ਨਿਪਟਣ ਲਈ ਪੰਜਾਬ ਦੇ ਸਰਕਾਰੀ ਤੰਤਰ ਅਤੇ ਕਾਨੂੰਨ ਵਿਵਸਥਾ ਨਾਲ ਜੁੜੀਆਂ ਸੰਸਥਾਵਾਂ ਅਤੇ ਕੇਂਦਰੀ ਏਜੰਸੀਆਂ 'ਚ ਸਹਿਯੋਗ ਅਤੇ ਆਪਸੀ ਮੇਲ ਜੋਲ ਅਤਿ ਜ਼ਰੂਰੀ ਹੈ।

ਪੰਜਾਬ ਦੀ ਰਾਜਨੀਤੀ ਵਿਚ ਵੀ ਵੱਡਾ ਤੇ ਤਿੱਖਾ ਨਿਘਾਰ ਦਿਖਾਈ ਦੇ ਰਿਹਾ ਹੈ। ਵਰਤਮਾਨ ਦੌਰ ਵਿਚ ਵੋਟ-ਰਾਜਨੀਤੀ ਕਾਰਨ ਪੰਜਾਬ ਦੀਆਂ ਰਾਜਨੀਤਕ (ਕੌਮੀ ਤੇ ਸੂਬਾਈ) ਪਾਰਟੀਆਂ ਅਜਿਹੀਆਂ ਧਰਮਸ਼ਾਲਾਵਾਂ ਬਣ ਗਈਆਂ ਹਨ ਜਿਨ੍ਹਾਂ ਦੇ ਦਰਵਾਜ਼ੇ ਹੈਨ ਹੀ ਨਹੀਂ। ਹਰ ਕੋਈ ਆਪਣੀ ਮਰਜ਼ੀ ਨਾਲ ਆ ਜਾ ਸਕਦਾ ਹੈ। ਕੋਈ ਰਾਜਨੀਤਕ ਵਿਚਾਰਾਂ ਦੀ ਸੀਮਾਂ ਜਾਂ ਵਿਚਾਰਧਾਰਕ ਛਾਨਣੀ ਨਹੀਂ ਰਹਿ ਗਈ। ਸਾਰੀਆਂ ਪਾਰਟੀਆਂ ਆਪਣੇ ਵਿਚਾਰਧਾਰਕ ਦੀਵਾਲੀਏਪਨ ਕਾਰਨ ਇਕੋ ਜਿਹੇ ਰੰਗਾਂ ਵਾਲੀਆਂ ਹੀ ਲੱਗ ਰਹੀਆਂ ਹਨ। ਲੀਡਰ ਹੈਨ ਪਰ ਉਨ੍ਹਾਂ ਕੋਲ਼ ਕੋਈ ਕਰਿਸ਼ਮਾ ਨਹੀਂ। ਪਾਰਟੀਆਂ ਹੈਨ ਪਰ ਉਨ੍ਹਾਂ ਕੋਲ ਕੋਈ ਵਿਚਾਰਧਾਰਾ ਨਹੀਂ। ਅੱਜ ਸਾਰੇ ਪੰਜਾਬ ਦੀ ਸਪੇਸ ਵਿਚ ਨੈਤਿਕ ਕਦਰਾਂ-ਕੀਮਤਾਂ ਅਤੇ ਉਸਾਰੂ ਰਾਜਨੀਤੀ ਦਾ ਖ਼ਾਲੀਪਨ (Vacuum) ਦਿਖਾਈ ਦੇ ਰਿਹਾ ਹੈ। ਕੀ ਰਾਜਨੀਤਕ ਸਭਿਆਚਾਰ ਅਤੇ ਪੰਜਾਬ ਦਾ ਇਲਾਕਾ ਵਿਚਾਰਧਾਰਕ ਰੂਪ 'ਚ ਸਿਧਾਂਤਹੀਣ (rudderless) ਹੋ ਗਿਆ ਹੈ ? ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਵਿਚ ਇਸ ਤਰ੍ਹਾਂ ਦੇ ਸਧਾਰਣੀਕਰਣ ਦਾ ਕਦੇ ਵੀ ਕਿਤੇ ਸੰਕੇਤ ਦਿਖਾਈ ਨਹੀਂ ਦਿੰਦਾ। ਅੱਜ ਪੰਜਾਬ ਦੀ ਰਾਜਨੀਤੀ ਤਿੰਨ ਧੁਰੀਆਂ 'ਤੇ ਖੜ੍ਹੀ ਦਿਖਾਈ ਦੇ ਰਹੀ ਹੈ। ਇਕ ਤਾਂ ਹੈ ਪਛਾਣ ਦੀ ਸ਼ੋਸ਼ੇਬਾਜ਼ੀ/ਇਸ਼ਤਿਹਾਰਬਾਜ਼ੀ ਦਾ ਨਿਸਚਿਤ ਵਿਵਹਾਰ ਜਿਸ ਦੀ ਪਹੁੰਚ ਵਿਚ ਧਾਰਮਿਕ-ਫਿਰਕਾਪ੍ਰਸਤੀ ਤੋਂ ਲੈ ਕੇ ਸੈਕੂਲਰ ਪੰਜਾਬੀ ਪਹਿਚਾਣ ਜਿਹੇ ਪ੍ਰਗਟਾਵੇ ਆਉਂਦੇ ਹਨ। ਦੂਜਾ ਹੈ, ਮੁੱਖ ਰੂਪ ਵਿਚ ਬਹੁਗਿਣਤੀ ਦੀ ਹੁਮੈ/ਅਹੰ ਅਤੇ ਘੱਟ-ਗਿਣਤੀਆਂ ਨਾਲ ਹੋ ਰਹੇ ਵਿਤਕਰੇ ਅਤੇ ਜ਼ੁਲਮ ਦਾ ਬੜਾ ਵਿਲੱਖਣ ਮਿਸ਼ਰਣ। ਇਨ੍ਹਾਂ ਵਿਚ ਮੂਲ ਰੂਪ ਵਿਚ ਸਿੱਖ ਤੇ ਹਿੰਦੂ ਆਉਂਦੇ ਹਨ। ਸਿੱਖ ਪੰਜਾਬ ਵਿਚ ਬਹੁਗਿਣਤੀ ਹਨ ਪਰ ਬਾਕੀ ਭਾਰਤ ਵਿਚ ਘੱਟ ਗਿਣਤੀ। ਹਿੰਦੂ ਪੰਜਾਬ 'ਚ ਘੱਟ ਗਿਣਤੀ ਹਨ ਅਤੇ ਬਾਕੀ ਭਾਰਤ ਵਿਚ ਬਹੁ ਗਿਣਤੀ। ਤੀਸਰੀ ਧੁਰੀ ਹੈ; ਧਰਮ-ਜਾਤ ਦਾ ਅੰਤਰ-ਮਿਸ਼ਰਣ। ਹਾਲਾਂਕਿ ਪੰਜਾਬ ਵਿਚ ਜਾਤ ਚੁਣਾਵੀ ਲਾਮਬੰਦੀ ਲਈ ਕੋਈ ਅਜਿਹਾ ਵਰਗ ਨਹੀਂ ਬਣਦਾ ਦਿਖਾਈ ਦਿੰਦਾ ਜਿਹੋ ਜਿਹਾ ਉੱਤਰ ਪ੍ਰਦੇਸ਼ ਅਤੇ ਬਿਹਾਰ ਜਾਂ ਹੋਰ ਗਵਾਂਢੀ ਰਾਜਾਂ ਵਿਚ ਸਾਹਮਣੇ ਆਉਂਦਾ ਹੈ।

ਪੰਜਾਬ ਵਿਚ ਅੱਜਕੱਲ੍ਹ ਦੀ ਰਾਜਨੀਤੀ 'ਚ ਤਿੰਨ ਹੀ ਸਾਰ-ਤੱਤ (epitome) ਦਿਖਾਈ ਦਿੰਦੇ ਹਨ; ਖ਼ੈਰਾਤ ਵੰਡਣਾ/ਮੁਫ਼ਤ ਤੋਹਫ਼ੇ ਦੇਣਾ (doles), ਡੇਰਾ ਅਤੇ ਨਸ਼ੇ (drugs)। ਪੰਜਾਬ ਦੇ ਸਾਰੇ ਰਾਜਸੀ ਨੇਤਾਵਾਂ ਦਾ ਜੁਮਲਾ (catchphrase) ਬਣ ਚੁੱਕਾ ਹੈ; 'ਪੰਜਾਬ ਦਾ ਦਰਦ'। ਇਹ ਜੁਮਲਾ ਪੰਜਾਬ ਦੀ ਸਾਰੀ ਫ਼ਿਜ਼ਾ ਵਿਚ ਗੂੰਜਦਾ ਸੁਣਾਈ ਦਿੰਦਾ ਹੈ ਕਿ ਪੰਜਾਬ ਦਾ ਦਰਦ ਕੌਣ ਸਮਝੇਗਾ ਅਤੇ ਇਸ ਨੂੰ ਕੌਣ ਮਿਟਾਏਗਾ ? ਹਰ ਕੋਈ ਪੰਜਾਬ ਨੂੰ ਦਰਦ ਤੋਂ ਮੁਕਤ ਕਰਨ ਦੇ ਦਾਅਵੇ ਕਰ ਰਿਹਾ ਹੈ। ਜਦਕਿ ਇਨ੍ਹਾਂ 'ਚੋਂ ਕਿਸੇ ਨੂੰ ਪੰਜਾਬ ਦੇ ਇਤਿਹਾਸਕ, ਸਭਿਆਚਾਰਕ-ਸਮਾਜਕ ਪਰਿਵੇਸ਼ ਅਤੇ ਇਸ ਦੀ ਧਾਰਮਿਕ-ਜਾਤ ਦੀਆਂ ਘੁਣਤਰੀ ਸੀਮਾਵਾਂ (Fault lines) ਦੀ ਕੁਝ ਸਮਝ/ ਕੋਰੀ ਸੋਝੀ ਨਹੀਂ। ਇਹ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਵਿਚਾਰਧਾਰਕ ਆਧਾਰ ਦੇ ਖ਼ੁੱਸ ਜਾਣ, ਦੂਰਦਰਸ਼ੀ, ਸਮਝਦਾਰ ਅਤੇ ਚੇਤੰਨ ਰਾਜਨੀਤਕ ਲੀਡਰਸ਼ਿਪ ਦੀ ਘੋਰ ਕਮੀ ਅਤੇ ਕਿਸੇ ਵੀ ਰੂਪਾਂਤਰਣੀ (transformational) ਏਜੰਡੇ ਦੀ ਗ਼ੈਰ-ਹਾਜ਼ਰੀ ਦੇ ਬੜੇ ਸਾਫ਼ ਲੱਛਣ ਹਨ। ਪਰ ਜੇ ਸਮੁੱਚੇ ਦ੍ਰਿਸ਼ ਨੂੰ ਸੰਪੂਰਣਤਾ ਵਿਚ ਦੇਖਿਆ ਜਾਵੇ ਤਾਂ ਸਾਰੀ ਸਥਿਤੀ ਏਨੀ ਨਿਰਾਸ਼ਾਜਨਕ (dystopiac) ਨਹੀਂ। ਕਿਸਾਨ ਅੰਦੋਲਨ ਨੇ ਪੰਜਾਬ ਵਿਚ ਇਕ ਨਵੀਂ ਜਨਤਕ ਲਹਿਰ (peoples movement) ਦੀ ਉਦਾਹਰਨ ਸਥਾਪਿਤ ਕੀਤੀ ਹੈ। ਇਸ ਕਿਸਾਨੀ ਸੰਘਰਸ਼ ਨੇ ਸਮਾਜ ਦੀਆਂ ਸਾਰੀਆਂ ਘੁਣਤਰੀ ਰੇਖਾਵਾਂ ਜਿਵੇਂ ਵਰਗ (class), ਜਾਤ (caste), ਲਿੰਗ (gendre), ਪੀੜ੍ਹੀ (generation), ਧਰਮ ਅਤੇ ਖੇਤਰ (religion & region) ਨੂੰ ਧੁੰਦਲਾ ਕੀਤਾ ਹੈ ਅਤੇ ਸਮਾਜ ਦੀਆਂ ਸਾਰੀਆਂ ਧਿਰਾਂ ਨੇ ਤਿੰਨ ਕਾਲ਼ੇ ਖੇਤੀ ਕਾਨੂੰਨਾਂ ਵਿਰੁੱਧ ਇਕਜੁੱਟ ਹੋ ਕੇ ਸੰਘਰਸ਼ ਵਿੱਢਿਆ। ਨਤੀਜਨ ਕੇਂਦਰ ਸਰਕਾਰ ਨੂੰ ਇਹ ਖੇਤੀ ਬਿੱਲ ਵਾਪਿਸ ਲੈਣੇ ਪਏ। ਇਸ ਸੰਘਰਸ਼ ਨੇ ਇਕ ਆਸ ਤੇ ਉਮੀਦ ਬੰਨ੍ਹਾਈ ਹੈ ਕਿ ਵਿਚਾਰਧਾਰਕ ਤੌਰ 'ਤੇ ਕਰੀਬ ਕਰੀਬ ਦਿਵਾਲੀਆ ਹੋ ਚੁੱਕੇ ਪੰਜਾਬ 'ਚ ਕਿਸੇ ਵਿਕਲਪਕ-ਬਦਲਵੀਂ ਲੋਕਤਾਂਤਰਿਕ ਰਾਜਨੀਤੀ ਦੀਆਂ ਸੰਭਾਵਨਾਵਾਂ ਬਣਦੀਆਂ ਦਿਖਾਈ ਦਿੰਦੀਆਂ ਹਨ। ਪਰ ਇਹ ਵੀ ਸਮਝ ਲੈਣਾ ਬਹੁਤ ਜ਼ਰੂਰੀ ਹੈ ਕਿ ਸਾਰੀ ਉਮੀਦ ਦਾ ਭਾਰ ਕਿਸਾਨੀ ਸੰਘਰਸ਼ 'ਤੇ ਹੀ ਨਹੀਂ ਪਾਇਆ ਜਾ ਸਕਦਾ। ਕਿਸਾਨੀ ਹਰਾਵਲ ਦਸਤੇ (Vangaurd) ਤੋਂ ਇਹ ਆਸ ਅਵੱਸ਼ ਕੀਤੀ ਜਾ ਸਕਦੀ ਹੈ ਕਿ ਇਸ ਵਿਚੋਂ ਕੋਈ ਵਿਵੇਕੀ, ਦੂਰਦਰਸ਼ੀ, ਦੂਰਅੰਦੇਸ਼ੀ ਸਟੇਟਸਮੈਨਸ਼ਿਪ ਅਤੇ ਲੀਡਰਸ਼ਿਪ ਪੈਦਾ ਹੋ ਸਕਦੀ ਹੈ ਜੋ ਕਿਸੇ ਵਿਚਾਰਧਾਰਕ ਰੂਪ ਵਿਚ ਵਿਕਲਪਕ ਰਾਜਨੀਤੀ ਪ੍ਰਦਾਨ ਕਰ ਸਕੇ।

ਪੰਜਾਬ ਹੋਰ ਵੀ ਕਈ ਤਰ੍ਹਾਂ ਦੇ ਸਭਿਆਚਾਰਕ, ਸਮਾਜਕ ਅਤੇ ਰਾਜਨੀਤਕ ਸੰਕਟਾਂ 'ਚੋਂ ਲੰਘ ਰਿਹਾ ਹੈ। ਜਿਸਨੂੰ ਇਸ ਨਵੀਂ ਚੁਣੌਤੀ ਕਾਰਣ ਪੂਰੇ ਭਾਰਤ ਭਰ 'ਚ ਬਹੁਗਿਣਤੀ ਦੇ ਗ਼ਲਬੇ ਦੀ ਰਾਜਨੀਤੀ ਕਾਰਨ ਵੀ ਪਛਾਣ ਅਤੇ ਵਜੂਦੀ ਸੰਘਰਸ਼ (identity and existential resistence) 'ਚ ਪੈਣ ਦੀਆਂ ਸੰਭਾਵਨਾਵਾਂ ਤੀਬਰ ਹੋਣਗੀਆਂ ਅਤੇ ਇਸ ਕਾਰਨ ਪੰਜਾਬ ਦੇ ਰਾਜਨੀਤਕ ਪ੍ਰਗਟਾਵਿਆਂ ਵਿਚ ਨਵੇਂ ਰੁਝਾਨ ਪਨਪਣ ਦੇ ਸੰਕੇਤ ਜਲਦੀ ਹੀ ਦਿਖਾਈ ਦੇਣ ਲੱਗ ਪੈਣ ਦਾ ਵੀ ਖ਼ਦਸ਼ਾ ਹੈ।

ਅੰਤ 'ਚ ਸਵਾਲ ਪੈਦਾ ਹੁੰਦਾ ਹੈ ਕਿ ਵਰਤਮਾਨ ਦੌਰ 'ਚ ਪੰਜਾਬ ਜਿਸ ਤਰ੍ਹਾਂ ਦੇ ਸਮਾਜਕ, ਆਰਥਿਕ, ਰਾਜਨੀਤਕ, ਸਭਿਆਚਾਰਕ ਸੰਕਟਾਂ ਤੇ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਜਿਨ੍ਹਾਂ ਦਾ ਉਪਰ ਵਿਸਤਾਰ ਸਹਿਤ ਚਰਚਾ ਕੀਤਾ ਹੈ, ਉਨ੍ਹਾਂ ਵਿਚੋਂ ਸਾਹਮਣੇ ਆਈਆਂ ਚੁਣੌਤੀਆਂ ਨਾਲ ਨਿਬੜਨ ਦਾ ਹੱਲ ਕੀ ਹੈ ? ਵਿਸ਼ਵ ਪੱਧਰ 'ਤੇ ਜੇਕਰ ਦੇਖਿਆ ਜਾਵੇ ਤਾਂ ਜਿਨ੍ਹਾਂ ਸਮਾਜਾਂ ਨੇ ਆਪਣੇ ਅੰਦਰ ਰਾਜਨੀਤਕ, ਸਮਾਜਕ ਅਤੇ ਆਰਥਿਕ ਬਦਲਾਓ ਲਿਆਂਦੇ ਉਨ੍ਹਾਂ ਦਾ ਸਭ ਤੋਂ ਵੱਧ ਜ਼ੋਰ ਸਿੱਖਿਆ-ਵਿੱਦਿਆ ਦੇ ਪ੍ਰਚਾਰ ਤੇ ਪਾਸਾਰ ਅਤੇ ਆਪਸੀ ਸਹਿਯੋਗ, ਸਹਿਕਾਰਤਾ ਅਤੇ ਸਾਂਝੇਪਨ 'ਤੇ ਦਿੱਤਾ। ਚੀਨ ਅੱਜ ਦੇ ਦੌਰ ਵਿਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰਦਾ ਇਕ ਵੱਡੀ ਆਰਥਿਕ ਸ਼ਕਤੀ ਵਜੋਂ ਉਭਰਿਆ ਦੇਸ਼ ਹੈ। ਚੀਨ ਨੇ 1950 ਵਿਚ ਹੋਏ ਲੋਕ ਇਨਕਲਾਬ ਤੋਂ ਬਾਅਦ ਸਭ ਤੋਂ ਵੱਧ ਬਲ਼ ਸਿੱਖਿਆ ਅਤੇ ਉਸ ਤੋਂ ਵੱਧ ਬਲ਼ ਮੁੱਢਲੀ ਸਿੱਖਿਆ 'ਤੇ ਦਿੱਤਾ। ਦੂਸਰਾ ਵੱਡਾ ਪ੍ਰਯੋਗ ਜਿਹੜਾ ਚੀਨ ਵਿਚ ਹੋਇਆ ਉਹ ਸਹਿਕਾਰਤਾ ਜਾਂ ਸਾਂਝੀ ਖੇਤੀ ਰਾਹੀਂ (Cooperative) ਸੰਸਥਾਵਾਂ ਦਾ ਵਿਕਾਸ। ਚੀਨ ਵੀ ਪੰਜਾਬ ਵਾਂਗ ਸੱਤਰ ਸਾਲ ਪਹਿਲਾਂ ਖੇਤੀ ਪ੍ਰਧਾਨ ਮੁਲਕ ਹੀ ਸੀ। ਜ਼ਮੀਨਾਂ ਦੀਆਂ ਜੋਤਾਂ ਬਹੁਤ ਛੋਟੀਆਂ ਸਨ। ਹਰ ਕਿਸਾਨ ਕੋਲ ਨਾ ਤਾਂ ਪੂਰੇ ਸੰਦ ਹੁੰਦੇ ਸਨ ਨਾ ਸਾਧਨ। ਇਸ ਕਮੀ ਨੂੰ ਦੂਰ ਕਰਨ ਦਾ ਇਕੋ-ਇਕ ਸਾਧਨ ਸੀ ਸਾਰੇ ਸਰੋਤਾਂ ਨੂੰ ਇਕ ਥਾਂ ਇਕੱਤਰ ਕਰ ਸਹਿਕਾਰੀ ਅਤੇ ਸਾਂਝੇ ਢੰਗ ਨਾਲ ਪ੍ਰਯੋਗ ਵਿਚ ਲਿਆਉਣਾ ਅਤੇ ਉਸਦਾ ਵੱਧ ਤੋਂ ਵੱਧ ਲਾਹਾ ਲੈ ਕੇ ਉਤਪਾਦਨ ਵਧਾਉਣਾ।

ਪੰਜਾਬ ਦੀ ਖੇਤੀ ਨੂੰ ਖੜੋਤ ਦੀ ਜਿਲ੍ਹਣ ਵਿਚੋਂ ਨਿਕਲਣ ਲਈ ਖੇਤੀ ਦਾ ਸਹਿਕਾਰੀ ਢੰਗ ਭਾਵ ਸਾਂਝੀ ਖੇਤੀ ਨੂੰ ਅਪਣਾਉਣਾ ਪਵੇਗਾ। ਪੰਜਾਬ ਵਿਚ ਜੇਕਰ ਕੋਈ ਦੂਜਾ ਹੱਲ ਇਸ ਸਮੇਂ ਦਿਖਾਈ ਦੇ ਰਿਹਾ ਹੈ ਤਾਂ ਉਹ ਹੈ ਵਿਕਲਪੀ ਗਿਆਨਾਂ ਦੇ ਪ੍ਰੋਜੈਕਟਾਂ ਭਾਵ ਸਿੱਖਿਆ, ਸੂਚਨਾ, ਗਿਆਨ ਅਤੇ ਅਕਲ ਵਿਚ ਵੱਡੇ ਪੱਧਰ 'ਤੇ ਨਿਵੇਸ਼ ਕਰਕੇ ਪੰਜਾਬ ਦਾ ਗਿਆਨਾਤਮਕ ਕਾਇਆ ਕਲਪ ਕੀਤਾ ਜਾਵੇ। ਭਵਿੱਖ ਵਿਚ ਇਨ੍ਹਾਂ ਗਿਆਨ ਖੇਤਰਾਂ ਵਿਚ ਨਿਵੇਸ਼ ਤੋਂ ਪੈਦਾ ਹੋਈ ਯੋਗਤਾ ਨਾਲ ਆਉਣ ਵਾਲੇ ਸਮਿਆਂ ਵਿਚ ਪੰਜਾਬ ਦੇ ਹਰ ਖੇਤਰ ਅੰਦਰ ਵੱਡੇ ਪੱਧਰ 'ਤੇ ਪਰਿਵਰਤਨ ਲਿਆਂਦੇ ਜਾ ਸਕਦੇ ਹਨ। ਇਨ੍ਹਾਂ ਸਾਰੇ ਹੀਲਿਆਂ ਲਈ ਵੱਡੇ ਪੱਧਰ 'ਤੇ ਸਬਰ ਤੇ ਸੰਤੋਖ, ਵਿਚਾਰ ਤੇ ਵਿਵੇਕ ਅਤੇ ਆਪਸੀ ਸਹਿਯੋਗ ਤੇ ਸਹਿਕਾਰਤਾ ਦੀ ਹਰ ਘੜੀ ਹਰ ਪਲ 'ਤੇ ਲੋੜ ਹੈ।

◈


**www.sanvad.org**
ISSN : 2395-1273